Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ

ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 342, 20 ਫਰਵਰੀ ਤੋਂ 26 ਫਰਵਰੀ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਪੰਜਾਬ ਤੇ ਪੰਜਾਬੀ ਸਭਿਆਚਾਰ ਦੇ ਵਿਲੱਖਣ ਰੰਗ





ਪੰਜ਼ ਆਬ- ਆਬ ਮਤਲਬ ਪਾਣੀ ।ਪੰਜ ਪਾਣੀਆਂ ਦੀ ਧਰਤੀ ਪੰਜਾਬ ।ਗੁਰੂਆਂ,ਪੀਰਾਂ ਤੇ ਦਰਵੇਸ਼ਾ ਦੀ ਧਰਤੀ ਪੰਜਾਬ ।ਸੌਂਧੀ ਸੌਂਧੀ ਮਿੱਟੀ ਦੀ ਖੁਸ਼ਬੋ,ਹਰੀ ਚਾਦਰ ਵਿੱਛੀ ਧਰਤ ਤੇ ਸੋਹਣਾ ਨੀਲਾ ਆਸਮਾਨ ।ਗੁਰੂ ,ਪੀਰਾਂ ਦਰਗਾਹਾਂ ਤੇ ਸਜਦੇ ਮੇਲੇ ਤੇ ਸਮਾਗਮ ।ਮੁਟਿਆਰਾਂ ਦਾ ਡੁੱਲ ਡੁੱਲ ਪੈਂਦਾ ਜੋਬਨ ਤੇ ਗੱਭਰੂਆ ਦੇ ਬੁਲੱਦ ਲਲਕਾਰੇ ਤੇ ਬਾਬਿਆਂ ਦਾ ਉਤਸ਼ਾਹ ।ਦਾਨੀ ਤੇ ਆਏ ਗਏ ਨੂੰ ਰੱਬ ਜਾਣ ਕੇ ਆਉ ਭਗਤ ਕਰਨ ਵਾਲਾ ਰਾਜ ਪੰਜਾਬ ।ਭਾਰਤ ਦਾ ਅੰਨਦਾਤਾ ਰਾਜ ਐਸਾ ਹੈ ਪੰਜਾਬ ।ਸ਼ੇਰਾਂ ਜਿਹੇ ਜਿਗਰੇ ਵਾਲੇ ਤੇ ਫੁੱਲਾਂ ਜਿਹੇ ਕੋਮਲ ਮਨ ਵਾਲੇ ਪੰਜਾਬੀ ।

ਪੰਜਾਬ ਦਾ ਰੰਗਲਾ ਸਭਿਆਚਾਰ ਤੇ ਵਿਰਸਾ ਕਿਸੇ ਕੋਲੋਂ ਛੁਪਿਆ ਨਹੀਂ ਹੈ ।ਰੰਗਲੇ ਪੰਜਾਬ ਦੇ ਅਣਗਿਣਤ ਰੰਗ ਹਨ ।ਢੋਲ,ਭੰਗੜਾ,ਗਿੱਧਾ ਹਰ ਦੇਸ਼ ਵਿੱਚ ਆਪਣੀ ਪਹਿਚਾਣ ਬਣਾ ਚੁੱਕੇ ਹਨ।ਪਰ ਮੌਜੂਦਾ ਹਾਲਾਤ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ।ਹੋਲੀ ਹੋਲੀ ਕਰ ਕੇ ਪੰਜਾਬ ਦੇ ਸੱਭਿਆਚਾਰ ਤੇ ਵਿਰਸੇ ਦੇ ਕਈ ਅੰਗ ਲ੍ਹੁਪਤ ਹੋ ਰਹੇ ਹਨ ।ਪਿਛੋਕੜ ਵਿੱਚ ਝਾਤੀ ਮਾਰੀਏ ਤਾਂ ਅਸੀਂ ਬਹੁੱਤ ਕੁੱਝ ਗਵਾ ਚੁੱਕੇ ਹਾ ਤੇ ਗੁਆ ਵੀ ਰਹੇ ਹਾਂ ।ਜਿਵੇਂ ਕਿ:-ਵਿਆਹਾਂ ਦੀ ਰੋਣਕਾ, ਲੋਕ ਗੀਤ,ਲੋਕ ਸਾਜ ਤੇ ਲੋਕ ਖੇਡਾਂ ਆਦਿ ।

ਯਾਦ ਹੈ ਕੁੱਝ ਧੁੰਦਲਾ ਧੁੰਦਲਾ ਤੇ ਕੁੱਝ ਆਪਣੇ ਬਜ਼ੁਰਗਾਂ ਤੋਂ ਸੁਣੇ ਕਿੱਸੇ ।ਕਿੰਝ ਸੱਥਾਂ ਸਜਦੀਆਂ ਸਨ ।ਕਿੰਝ ਵਿਆਹਾਂ ਵਾਲੇ ਘਰ ਰੋਣਕਾ ਬੱਝਦੀਆਂ ਸਨ ।ਬੋਲੀਆਂ ,ਸਿਠਣੀਆ ਤੇ ਛੰਦਾਂ ਰਾਹੀਂ ਚੋਹਲਬਾਜ਼ੀ ਤੇ ਮਿੱਠੀ ਜਿਹੀ ਛੇੜ-ਛਾੜ ਕੀਤੀ ਜਾਂਦੀ ਸੀ ਜੋ ਰਿਸ਼ਤਿਆਂ ਵਿੱਚ ਮਿਠਾਸ ਤੇ ਤਜਾਂਗੀ ਭਰ ਦਿੰਦੀ ਸੀ ।ਵਿਆਹ ਤੋਂ ਕਿੰਨੇ ਕਿੰਨੇ ਦਿਨ ਪਹਿਲਾ ਕੁੜੀ ਵਾਲੇ ਘਰ ਸੁਹਾਗ ਗਾਏ ਜਾਂਦੇ ਜਿਵੇਂ

**ਸਾਡਾ ਚਿੜੀਆਂ ਦਾ ਚੰਬਾ ਵੇ,**
**ਬਾਬੁਲ ਅਸਾਂ ਉੱਡ ਜਾਣਾ ।**
**ਨੀ ਬੀਬੀ ਚੰਨਣ ਦੇ ਉਹਲੇ ਉਹਲੇ ਕਿਉ ਖੜੀ**
**ਤੇ ਮੁੰਡੇ ਵਾਲੇ ਘਰ ਘੋੜੀਆਂ ਗਾਈਆਂ ਜਾਂਦੀਆਂ ਜਿਵੇਂ :-**
**ਨੀ ਘੋੜੀ ਬਾਬੇ ਵਿਹੜੇ ਜਾਂ,ਤੇਰੇ ਬਾਬੇ ਦੇ ਮਨ ਸ਼ਾਦੀਆਂ,**
**ਤੇਰੀ ਦਾਦੀ ਦੇ ਮਨ ਚਾਅ,ਨੀ ਘੋੜੀ ਚੁੱਗਦੀ ਹਰਿਆ ਘਾਹ।**

ਕਿੰਨੇ ਕਿੰਨੇ ਦਿਨ ਸ਼ਗਨ ਮਨਾਏ ਜਾਦੇ ।ਰਲ ਮਿਲ ਕਾਰਜ ਸਵਾਰੇ ਜਾਂਦੇ ।ਬਿੱਲਕੁੱਲ ਇਸੇ ਤਰਾ ਤਿਉਹਾਰ ਵੀ ਲੋਕ ਗੀਤਾ,ਲੋਕ ਸਾਜ਼ਾਂ ਤੇ ਲੋਕ ਨਾਚ ਨਾਲ ਸਜੇ ਹੁੰਦੇ ਸਨ।ਲੋਹੜੀ,ਵਿਸਾਖੀ ਲੋਕ ਰੰਗ ਵਿੱਚ ਭਿੱਜੇ ਹੁੰਦੇ ।ਮਿੱਠੀ ਮਾਖਿਉ ਜਿਹੀ ਮਾਂ ਬੋਲੀ ਪੰਜਾਬੀ ਵਿੱਚ ਲੋਕ ਗੀਤ ਵੀ ਆਪਣਾ ਵੱਡਮੁੱਲਾ ਸਥਾਨ ਰੱਖਦੇ ਹਨ ।ਪੰਜਾਬੀ ਲੋਕ ਗੀਤਾ ਵਿੱਚ ਪੰਜਾਬੀ ਖ਼ੁੱਤੇ ਤੇ ਪੰਜਾਬੀ ਜ਼ੀਵਨ ਦੀ ਝਲਕ ਮਿਲਦੀ ਹੈ ।

**ਕਾਲਾ ਡੋਰੀਆ ਕੁੰਡੀ ਨਾਲ ਅੜਿਆ ਉਏ ,**
**ਛੋਟਾ ਦੇਵਰਾ ਭਾਂਬੀ ਨਾਲ ਲੜਿਆ ਉਏ ।**
**ਛੋਟੇ ਦੇਵਰਾ ਤੇਰੀ ਦੂਰ ਬਲਾ ਈ ਉਏ ,**
**ਵੇ ਨਾ ਲੜ ਦੇਵਰਾ ਤੇਰੀ ਇੱਕ ਭਰਜਾਈ ਉਏ।**

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ ਪ੍ਰੀਤਨਾਮਾ ਗਰੁੱਪ

ਇਸੇ ਤਰਾ ਹੀ ਆਨੰਦ ਨਾਲ ਭਰੀਆਂ ਤੇ ਸਰੀਰ ਨੂੰ ਤਕੜਾ ਬਣਾਉਣ ਵਾਲ ੀਆਂ ਖੇਡਾਂ ਦਾ ਵੀ ਇੱਕ ਆਪਣਾ ਹੀ ਥਾਂ ਸੀ ਸਾਡੇ ਵਿਰਸੇ ਵਿੱਚ ।ਲੁੱਕਣ ਮਿੱਟੀ,ਕੋਟਲਾ ਛਪਾਕੀ ਤੇ ਕਿੱਕਲੀ ਸੱਚ ਜਾਣੋ ਇਹ ਖੇਡਾਂ ਭਾਵੇਂ ਹੁੱਣ ਬਚਪਨ ਭੁੱਲਦਾ ਜਾ ਰਿਹਾ ਪਰ ਅੱਜ ਵੀ ਇਹ ਸਾਡੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹਨ ।

**ਕਿੱਕਲੀ ਕਲੀਰ ਦੀ ,ਪੱਗ ਮੇਰੇ ਵੀਰ ਦੀ**
**ਦੁਪੱਟਾ ਮੇਰੇ ਭਾਈ ਦਾ,ਫਿੱਟੇ ਮੂੰਹ ਜਵਾਈ ਦਾ।**

ਤੇ

**ਕੋਟਲਾ ਛਪਾਕੀ ਜ਼ੁੰਮੇ ਰਾਤ ਆਈ ਏ,**
**ਜਿਹੜਾ ਅੱਗੇ ਪਿੱਛੇ ਵੇਖੇ**
**ਉਸਦੀ ਸ਼ਾਮਤ ਆਈ ਏ ।**

ਇਹ ਸਭ ਖੇਡਾਂ ਮਨ ਪਰਚਾਵੇ ਦੇ ਨਾਲ ਨਾਲ ਸਰੀਰ ਨੂੰ ਵੀ ਤੱਕੜਾਂ ਤੇ ਨਿਰੋਗ ਰੱਖਦੀਆਂ ਸਨ ।ਗੱਲ ਕੀ ਮੇਰੇ ਬੜੇ ਅਮੀਰ ਵਿਰਸੇ ਵਾਲੇ ਪੰਜਾਬ ਦਾ ਹਰ ਰੰਗ ਅਨੋਖਾ ਸੀ ।ਬਿੱਲਕੁਲ ਅੱਲੜ੍ਹ ਜਿਹੀ ਮੁਟਿਆਰ ਦਾ ਖਿੜਿਆ ਹੋਇਆਂ ਰੂਪ ।ਪਰ ਅਫ਼ਸੋਸ ਮੇਰੇ ਪੰਜਾਬ ਦੇ ਰੰਗ ਕੁੱਝ ਧੁੰਦਲੇ ਪੈਂਦੇ ਜਾ ਰਹੇ ਹਨ ।ਮੁਟਿਆਰਾਂ ਦਾ ਸਾਵਨ ਰੁੱਤੇ ਪੀਂਘ ਝੂਟਣਾ, ਮਸਤੀ ਨਾਲ ਗਿੱਧੇ ਵਿੱਚ ਝੂਮਣਾ, ਸਹੇਲੀਆਂ ਦਾ ਤ੍ਰਿਝਣਾ ਵਿੱਚ ਬਹਿ ਚਾਦਰਾ ਕੱਢਣਾ, ਦਰੀਆਂ ਖੇਸ ਬੁਣਨਾ ਤੇ ਪੂਣੀਆ ਕੱਤਦੇ ਮਾਹੀ ਦੀਆ ਯਾਦਾਂ ਵਿੱਚ ਖੋ ਜਾਣਾ ਸਭ ਲੁਪੱਤ ਹੋ ਗਿਆ ਹੈ ।ਗੁੰਮ ਹੋ ਗਿਆ ਹੈ ਵਿਸਾਖੀ ਦੀ ਵਾਢੀ ਵੇਲੇ ਗਭਰੂਆ ਦਾ ਭੰਗੜੇ ਪਾਉਣਾ,ਮੇਲੇ ਵਿੱਚ ਕਬੱਡੀ ਦੇ ਪਿੜਾ ਦਾ ਸੱਜਣਾਂ ।ਰੌਣਕਾ ਗਾਇਬ ਹੋ ਰਹੀਆਂ ਹਨ ।ਬੜਾ ਚਿੰਤਾਯੋਗ ਵਿਸ਼ਾ ਹੈ ਇਹ ਕਿਉਂਕਿ ਇੰਨਾਂ ਰੌਣਕਾਂ ਤੇ ਖੇਡਾਂ ਦੇ ਲੁਪੱਤ ਹੋਣ ਦਾ ਮਾੜਾ ਅਸਰ ਪੈ ਰਿਹਾ ਹੈ ਸਾਡੀ ਅਜੋਕੀ ਪੀੜੀ ਉੱਤੇ ।ਬੱਚੇ ਮੋਬਾਇਲ ਤੇ ਕੰਪਿਊਟਰ ਤੱਕ ਸੀਮਿਤ ਹੋ ਗਏ ਹਨ ।ਇੰਟਰਨੈਟ ਨੇ ਰਿਸ਼ਤਿਆਂ ਵਿੱਚ ਦੂਰੀ ਪੈਦਾ ਕਰ ਦਿੱਤੀ ਹੈ ।ਬਾਲ ਖੇਡਾਂ, ਲੁੱਕਣ ਮਿੱਚੀ, ਕਬੱਡੀ,ਕੁਸ਼ਤੀ ਕਸਰਤ ਵਾਲ ੀਆਂ ਖੇਡਾਂ ਛੱਡ ਕੇ ਬੱਚੇ ਮੋਬਾਇਲ ਉੱਤੇ ਗੇਮਸ ਖੇਡਣ ਵਿੱਚ ਇਸ ਤਰਾ ਰੁੱਝ ਗਏ ਹਨ ਕੇ ਉਹਨਾਂ ਦੀਆ ਅੱਖਾਂ ਉੱਤੇ ਮੋਟੇ ਮੋਟੇ ਚਸ਼ਮੇ ਚੜ ਚੁੱਕੇ ਹਨ।ਨੋਜਵਾਨ ਪੀੜੀ ਆਪਣਾ ਸਭਿਆਚਾਰ ਤੇ ਵਿਰਸਾ ਭੁੱਲ ਕੇ ਨਸ਼ਿਆ ਵਿੱਚ ਧਸ ਰਹੀ ਹੈ ।ਅਜੇ ਵੀ ਕੁੱਝ ਵਕਤ ਹੈ ਕਿ ਅਸੀਂ ਆਪਣੇ ਲੁੱਪਤ ਹੋ ਰਹੇ ਰੰਗ ਬੱਚਾ ਸਕਦੇ ਹਾਂ ।ਆਉ ਰਲ ਕੇ ਸਾਰੇ ਹੰਭਲਾ ਮਾਰੀਏ ਤੇ ਆਪਣੀ ਮਾਂ ਬੋਲੀ ਤੇ ਸਭਿਆਚਾਰ ਨੂੰ ਬਚਾਈਏ ।ਆਉ ਰਲ ਕੇ ਫਿਰ ਇਸ ਰੰਗਲੀ ਧਰਤ ਦੇ ਸਿਰ ਹਰੀ ਚੁੰਨੀ ਸਜਾਈਏ ।ਪੰਜਾਬ ਨੂੰ ਨਸ਼ਿਆ ਦੀ ਦਲਦਲ ਵਿੱਚ ਧਸਣ ਤੋਂ ਬਚਾਈਏ ।ਪੰਜਾਬ ਤੇ ਪੰਜਾਬੀਅਤ ਨੂੰ ਵਿਸ਼ਵ ਵਿੱਚ ਫੈਲਾਈਏ




# ਮਾਂ ਬੋਲੀ ਅਤੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੀ ਮਹੱਤਤਾ



ਮਾਂ ਬੋਲੀ ਉਹ ਭਾਸ਼ਾ ਹੈ ਜੋ ਇਨਸਾਨ ਜਨਮ ਤੋਂ ਆਪਣੀ ਮਾਂ ਦੇ ਦੁੱਧ ਤੋਂ ਸਿੱਖਦਾ ਹੈ ਭਾਵ ਜਨਮ ਲੈਣ ਦੇ ਸਮੇਂ ਤੋਂ ਜਿਵੇਂ ਜਿਵੇਂ ਉਹ ਵੱਡਾ ਹੁੰਦਾ ਹੈ ਆਪਣੇ ਆਲ ? ਦੁਆਲ ? ਦੇ ਮਾਹੌਲ ਵਿੱਚ ਪਲ ?ਦਾ ਆਪਣੇ ਵੱਡਿਆਂ ਤੋਂ ਸਿੱਖਦਾ ਹੈ ਜੋ ਉਸਦੇ ਸੱਭਿਆਚਾਰ, ਵਿਚਾਰਾਂ ਅਤੇ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਬਣਦਾ ਹੈ ।ਆਪਣੀ ਆਪਣੀ ਮਾਂ ਬੋਲੀ ਰਾਹੀਂ ਪੀੜ੍ਹੀਆਂ ਵਿਚਕਾਰ ਸਾਂਝ ਪੈਦਾ ਹੁੰਦੀ ਹੈ ।ਪਰਿਵਾਰਕ ਰਿਸ਼ਤਿਆਂ ਅਤੇ ਬਜ਼ੁਰਗਾਂ ਨਾਲ ਸਾਂਝ ਮਜ਼ਬੂਤ ਰੱਖਣ ਵਿੱਚ ਮਾਂ ਬੋਲੀ ਸਾਡੀ ਮਦਦ ਕਰਦੀ ਹੈ। ਇਹ ਬੱਚੇ ਦੇ ਮਾਨਸਿਕ ਵਿਕਾਸ ਦਾ ਉੱਤਮ ਸਾਧਨ ਮਾਂ ਬੋਲੀ ਹੁੰਦੀ ਹੈ। ਬੱਚਿਆਂ ਦੀ ਸਿੱਖਿਆ ਦੀ ਮੁੱਢਲੀ ਨੀਂਹ ਅਤੇ ਉਹਨਾਂ ਵਿੱਚ ਆਤਮਵਿਸ਼ਵਾਸ ਪੈਦਾ ਕਰਨ ਲਈ ਮਾਂ ਬੋਲੀ ਅਹਿਮ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਇਸ ਵਿੱਚ ਪ੍ਰਗਟਾਵਾ ਕਰਨਾ ਸਹਿਜ ਤੇ ਕੁਦਰਤੀ ਹੁੰਦਾ ਹੈ। ਕਈ ਮਨੋਵਿਗਿਆਨੀਆਂ ਅਨੁਸਾਰ ਬੱਚੇ ਨੂੰ ਮੁੱਢਲੀ ਸਿੱਖਿਆ ਮਾਂ-ਬੋਲੀ ਵਿੱਚ ਹੀ ਮਿਲਣੀ ਚਾਹੀਦੀ ਹੈ, ਜਿਸ ਨਾਲ ਉਸ ਲਈ ਗਿਆਨ ,ਵਿਗਿਆਨ ਅਤੇ ਤਕਨੀਕੀ ਖੇਤਰਾਂ ਵਿੱਚ ਉੱਚੀਆਂ ਉਡਾਰੀਆਂ ਮਾਰਨੀਆਂ ਸੌਖੀਆਂ ਹੋ ਜਾਂਦੀਆਂ ਹਨ। ਮਾਂ ਬੋਲੀ ਸਾਨੂੰ ਸਾਡੇ ਪਿਛੋਕੜ ਨਾਲ ? ਜੋੜਦੀ ਹੈ ਤੇ ਇਸ ਤੋਂ ਬਿਨਾਂ ਵਿਅਕਤੀ ਆਪਣੀਆਂ ਜੜ੍ਹਾਂ ਨਾਲੋਂ ? ਟੁੱਟ ਜਾਂਦਾ ਹੈ ।ਮਾਤ ਭਾਸ਼ਾ ਸਾਨੂੰ ਸਾਡੇ ਇਤਿਹਾਸ ਅਤੇ ਵਿਰਸੇ ਨਾਲ ਜੋੜਦੀ ਹੈ। ਦਾਦੀਆਂ ਨਾਨੀਆਂ ਦੁਆਰਾ ਸੁਣਾਏ ਪੁਰਾਤਨ ਕਿੱਸੇ ਮਨੁੱਖ ਨੂੰ ਆਪਣੇ ਆਖ਼ਰੀ ਸਾਹ ਤੱਕ ਨਹੀਂ ਭੁੱਲਦੇ। ਮਾਂ ਬੋਲੀ ਰਾਹੀਂ ਮਨੁੱਖ ਸਭ ਨਾਲ ਮਾਨਸਿਕ ਸਾਂਝ ਬਹੁਤ ਅਸਾਨੀ ਨਾਲ ਪਾ ਸਕਦਾ ਹੈ। ਮਨ ਦੇ ਵਲਵਲੇ, ਅੰਦਰੂਨੀ ਡੂੰਘੇ ਭਾਵ ਜਿਵੇਂ ਖੁਸ਼ੀ,ਗਮੀ, ਹੈਰਾਨੀ ਮਾਂ-ਬੋਲੀ ਵਿੱਚ ਪ੍ਰਗਟਾਏ ਜਾ ਸਕਦੇ ਹਨ, ਉਹ ਕਿਸੇ ਹੋਰ ਭਾਸ਼ਾ ਵਿੱਚ ਸਮਝਾਉਣੇ ਸੰਭਵ ਨਹੀਂ ।ਆਪਣੀ ਮਾਂ-ਬੋਲੀ ਰਾਹੀਂ ਹੀ ਮਨੁੱਖ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਮਾਂ ਬੋਲੀ ਵਿੱਚ ਸਿੱਖਿਆ ਹਾਸਲ ਕਰਨ ਵਾਲੇ ਬੱਚਿਆਂ ਦਾ ਬੌਧਿਕ ਅਤੇ ਸਮਾਜਿਕ ਵਿਕਾਸ ਜ਼ਿਆਦਾ ਹੁੰਦਾ ਹੈ ।ਆਪਣੀ ਮਾਂ-ਬੋਲੀ ਵਿੱਚ ਮੁਹਾਰਤ ਹੋਣ ਨਾਲ ਹੀ ਦੂਜੀਆਂ ਭਾਸ਼ਾਵਾਂ ਸਿੱਖਣੀਆਂ ਸੌਖੀਆਂ ਅਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ।

ਜੇ ਆਪਾਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੀ ਗੱਲ ਕਰੀਏ ਤਾਂ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਅਤੇ ਬਹੁਭਾਸ਼ਾਈ ਨੂੰ ਉਤਸ਼ਾਹਿਤ ਕਰਨ ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਅੰਤਰਰਾਸ਼ਟਰੀ ਪੱਧਰ ਤੇ ਹਰ ਸਾਲ 21 ਫ਼ਰਵਰੀ ਨੂੰ ਮਨਾਇਆ ਜਾਂਦਾ ਹੈ। । ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਦੁਨੀਆਂ ਭਰ ਵਿੱਚ ਲੋਕਾਂ ਵਿੱਚ ਆਪਣੀ ਭਾਸ਼ਾ ਅਤੇ ਸੱਭਿਆਚਾਰ ਬਾਰੇ ਰੁਝਾਨ ਪੈਦਾ ਕਰਨਾ ਅਤੇ ਜਾਗਰੂਕਤਾ ਫੈਲਾਉਣਾ ਹੈ। ਪਹਿਲੀ ਵਾਰ ਯੂਨੇਸਕੋ ਦੁਆਰਾ 17 ਨਵੰਬਰ 1999 ਨੂੰ ਘੋਸ਼ਿਤ ਕੀਤਾ ਗਿਆ ਸੀ ।ਇਸਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਦੁਆਰਾ 2002 ਵਿੱਚ ਸੰਯੁਕਤ ਰਾਸ਼ਟਰ ਵੱਲੋਂ ਰਸਮੀ ਤੌਰ 'ਤੇ ਮਾਨਤਾ ਦਿੱਤੀ ਗਈ ਸੀ। ਮਾਤ ਭਾਸ਼ਾ ਦਿਵਸ ÷ਦੁਨੀਆਂ ਦੇ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਸਾਰੀਆਂ ਭਾਸ਼ਾਵਾਂ ਦੀ ਸੰਭਾਲ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ÷ ਇੱਕ ਵਿਆਪਕ ਪਹਿਲਕਦਮੀ ਦਾ ਹਿੱਸਾ ਹੈ । ਜਿਵੇਂ ਕਿ ਸੰਯੁਕਤ ਰਾਸ਼ਟਰ ਮਹਾਂਸਭਾ ਦੁਆਰਾ 16 ਮਈ 2007 ਨੂੰ ਸੰਯੁਕਤ ਰਾਸ਼ਟਰ ਦੇ ਇੱਕ ਮਤੇ ਤੇ ਅਪਣਾਇਆ ਗਿਆ ਸੀ । ਜਿਸ ਨੇ 2008 ਨੂੰ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਵਜੋਂ ਵੀ ਸਥਾਪਿਤ ਕੀਤਾ ।ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਵਿਚਾਰ ਬੰਗਲਾਦੇਸ਼ ਦੀ ਪਹਿਲ ਸੀ। ਕਿਉਂ ਕਿ ਬੰਗਲਾਦੇਸ਼ ਵਿੱਚ 21 ਫਰਵਰੀ ਉਸ ਦਿਨ ਦੀ ਵਰ੍ਹੇਗੰਢ ਹੈ ਜਦੋਂ ਬੰਗਲਾਦੇਸ਼ ਦੇ ਲੋਕਾਂ ਨੇ ਬੰਗਲਾ ਭਾਸ਼ਾ ਨੂੰ ਮਾਨਤਾ ਦਿਵਾਉਣ ਲਈ ਲੜਾਈ ਲੜੀ ਸੀ। ਇਹ ਪੱਛਮੀ ਬੰਗਾਲ ਭਾਰਤ ਵਿੱਚ ਵੀ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਮੁਤਾਬਕ ਦੁਨੀਆ ਭਰ ਵਿੱਚ ਬੋਲੀਆਂ ਜਾਣ ਵਾਲੀਆਂ 6000 ਭਾਸ਼ਾਵਾਂ ਵਿੱਚੋਂ ਲਗਭਗ 43 ਫੀਸਦੀ ਭਾਸ਼ਾਵਾਂ ਦੇ ਅਲੋਪ ਹੋਣ ਦਾ ਖਤਰਾ ਹੈ। ਸੰਯੁਕਤ ਰਾਸ਼ਟਰ ਦਾ ਇਹ ਵੀ ਕਹਿਣਾ ਹੈ ਕਿ ਹਰ ਦੋ ਹਫ਼ਤਿਆਂ ਬਾਅਦ ਇੱਕ ਭਾਸ਼ਾ ਅਲੋਪ ਹੋ ਜਾਂਦੀ ਹੈ, ਜਿਸ ਨਾਲ ਸੱਭਿਆਚਾਰਕ ਅਤੇ ਬੌਧਿਕ ਵਿਰਾਸਤ ਨੂੰ ਤਬਾਹ ਕੀਤਾ ਜਾਂਦਾ ਹੈ। ਸਾਰੀਆਂ ਭਾਸ਼ਾਵਾਂ ਨੂੰ ਸੰਭਾਲਣਾ ਅਤੇ ਸੁਰੱਖਿਅਤ ਕਰਨਾ ਜ਼ਰੂਰੀ ਹੈ। ਸੱਭਿਆਚਾਰਕ ਵਿਰਾਸਤ ਦੀ ਸੁਰੱਖਿਆ ਦਾ ਮੁੱਖ ਸਰੋਤ ਮਾਤ ਭਾਸ਼ਾ ਹੁੰਦੀ ਹੈ।

ਮਾਤ ਭਾਸ਼ਾ ਕਿਸੇ ਵੀ ਸਮਾਜ ਦੀ ਪਛਾਣ, ਵਿਰਸੇ ਅਤੇ ਸੰਸਕਾਰਾਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਉਣ ਦਾ ਇੱਕੋ-ਇੱਕ ਜ਼ਰੀਆ ਹੈ। ਬੱਚਿਆਂ ਦੇ ਬੌਧਿਕ ਵਿਕਾਸ ਲਈ ਮਾਤਾ ਭਾਸ਼ਾ ਬਹੁਤ ਜ਼ਰੂਰੀ ਹੈ। ਮਾਤ ਭਾਸ਼ਾ ਵਿੱਚ ਸਿੱਖਿਆ ਬੱਚਿਆਂ ਦੇ ਮਾਨਸਿਕ ,ਬੌਧਿਕ, ਸਮਾਜਿਕ ਅਤੇ ਭਾਵਨਾਤਮਕ ਵਿਕਾਸ ਨੂੰ ਸਭ ਤੋਂ ਵਧੀਆ ਢੰਗ ਨਾਲ ਉਤਸ਼ਾਹਿਤ ਕਰਦੀ ਹੈ ।ਭਾਸ਼ਾਈ ਵਿਭਿੰਨਤਾ ਕਾਰਨ ਸੰਯੁਕਤ ਰਾਸ਼ਟਰ ਮੁਤਾਬਕ, ਹਰ ਦੋ ਹਫ਼ਤਿਆਂ ਵਿੱਚ ਇੱਕ ਭਾਸ਼ਾ ਅਲੋਪ ਹੋ ਰਹੀ ਹੈ, ਜਿਸ ਨੂੰ ਰੋਕਣ ਲਈ ਮਾਤ ਭਾਸ਼ਾ ਦਿਵਸ ਲੋਕਾਂ ਨੂੰ ਜਾਗਰੂਕ ਕਰਦਾ ਹੈ।

ਵਿਸ਼ਵੀਕਰਨ ਹੋਣ ਨਾਲ ਸਾਡੇ ਬਹੁਤ ਸਾਰੇ ਪੰਜਾਬੀ ਲੋਕ ਵਿਦੇਸ਼ਾਂ ਵਿੱਚ ਜਾ ਕੇ ਵਸ ਗਏ ਹਨ ਜਿਸ ਨਾਲ ਸਾਡੀ ਆਉਣ ਵਾਲੀ ਨਵੀਂ ਪੀੜ੍ਹੀ ਦੇ ਬੱਚੇ ਵਿਦੇਸ਼ੀ ਸਕੂਲਾਂ ਕਾਲਜਾਂ ਵਿੱਚ ਪੜ੍ਹਨ ਕਾਰਨ ਮਾਂ ਬੋਲੀ ਤੋਂ ਕੋਹਾਂ ਦੂਰ ਹੋ ਰਹੇ ਹਨ। ਉਨ੍ਹਾਂ ਦੇ ਮਾਪੇ ਤੇ ਵੱਡੇ ਵਡੇਰੇ ਆਪਣੇ ਛੋਟੇ ਬੱਚਿਆਂ ਮੂੰਹੋਂ ਅੰਗਰੇਜ਼ੀ ਸੁਣ ਕੇ ਖ਼ੁਸ਼ ਤਾਂ ਬਹੁਤ ਹੁੰਦੇ ਹਨ ਪਰ ਉਹ ਇਸ ਗੱਲੋਂ ਅਣਜਾਣ ਹਨ ਕਿ ਉਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕੱਲੀ ਮਾਂ ਬੋਲੀ ਨਾਲੋਂ ਹੀ ਨਹੀਂ ਸਗੋਂ ਆਪਣੇ ਸਭਿਆਚਾਰ ਅਤੇ ਇਤਿਹਾਸ ਤੋਂ ਵੀ ਦੂਰ ਧੱਕ ਰਹੇ ਹਨ। ਇਹੀ ਹਾਲ ਸਾਡੇ ਦੇਸ਼ ਵਿੱਚ ਅੰਗਰੇਜ਼ੀ ਮਾਧਿਅਮ ਵਾਲੇ ਵੱਡੇ ਵੱਡੇ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਦਾ ਹੈ। ਜੋ ਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਖ਼ਤਰੇ ਦੀ ਘੰਟੀ ਹੈ। ਇਸ ਲਈ ਪੰਜਾਬੀ ਭਾਸ਼ਾ ਵਿਭਾਗ ਅਤੇ ਹੋਰ ਅਦਬੀ ਅਦਾਰਿਆਂ ਵੱਲੋਂ ਮਾਂ ਬੋਲੀ ਪੰਜਾਬੀ ਤੋਂ ਮੁੱਖ ਮੋੜ ਰਹੇ ਲੋਕਾਂ ਵਿੱਚ ਰੁਝਾਨ ਪੈਦਾ ਕਰਨ ਅਤੇ ਪ੍ਰਫੁੱਲਤ ਕਰਨ ਲਈ ਪਹਿਲ ਕਦਮੀ ਅਤੇ ਯੋਗ ਉਪਰਾਲੇ ਕਰਨ ਦੀ ਲੋੜ ਹੈ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

# ਸਾਡੀ ਰੂਹ ਕੌਣ ਲੈ ਗਿਆ

ਹਾਲ ਹੀ ਵਿੱਚ ਕ੍ਰਿਕਟਰ ਆਰ. ਅਸ਼ਿਵਨ ਨੇ ਜਦੋਂ ਇਹ ਕਹਿ ਦਿੱਤਾ ਸੀ ਕਿ ਹਿੰਦੀ ਭਾਰਤ ਦੀ ਰਾਸ਼ਟਰ ਭਾਸ਼ਾ ਨਹੀਂ ਹੈ ਤਾਂ ਦੇਸ਼ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ ਸੀ। ਭਾਰਤੀ ਸੰਵਿਧਾਨ ਦੀ ਧਾਰਾ 343 ਤਹਿਤ ਦੇਵਨਾਗਰੀ ਲਿਪੀ ਵਿੱਚ ਲਿਖੀ ਜਾਂਦੀ ਹਿੰਦੀ ਨੂੰ ਕੇਂਦਰ ਅਤੇ ਸੂਬਿਆਂ ਵਿਚਕਾਰ ਸੰਚਾਰ ਦੇ ਮਾਧਿਅਮ ਵਜੋਂ ਇੱਕ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਨਾ ਕਿ ਰਾਸ਼ਟਰ ਭਾਸ਼ਾ ਵਜੋਂ। ਸਿਰਫ਼ ਹਿੰਦੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਖ਼ ?ਲਾਫ਼ ਦੱਖਣੀ ਸੂਬਿਆਂ ਅੰਦਰ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ ਅੰਗਰੇਜ਼ੀ ਨੂੰ ਇਸ ਸੂਚੀ ਵਿੱਚ ਦੂਜੀ ਸਰਕਾਰੀ ਭਾਸ਼ਾ ਵਜੋਂ ਸ਼ਾਮਿਲ ਕੀਤਾ ਗਿਆ ਸੀ। ਇਸ ਵਖਰੇਵੇਂ, ਜਿਸ ਨੂੰ ਅਮੂਮਨ ਗ਼ਲਤ ਢੰਗ ਨਾਲ ਸਮਝਿਆ ਜਾਂਦਾ ਰਿਹਾ ਹੈ, ਦੀਆਂ ਜੜ੍ਹਾਂ ਸੰਵਿਧਾਨ ਉੱਪਰ ਹੋਈਆਂ ਇਤਿਹਾਸਕ ਬਹਿਸਾਂ ਵਿੱਚ ਪਈਆਂ ਹਨ। ਪ੍ਰੋਫ਼ੈਸਰ ਪ੍ਰੀਤਮ ਸਿੰਘ ਨੇ ਭਾਰਤੀ ਸੰਵਿਧਾਨ ਉੱਪਰ ਆਪਣੇ ਕਾਰਜ ਵਿੱਚ ਵੇਰਵੇ ਦਿੱਤੇ ਹਨ ਕਿ ਕਿਵੇਂ 1949 ਵਿੱਚ ਇੱਕ ਹਿੰਦੂ ਸੰਨਿਆਸਣ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਦਿਵਾਉਣ ਅਤੇ ਇੰਡੀਆ ਦਾ ਨਾਂ 'ਭਾਰਤ' ਰੱਖਣ ਲਈ ਵਰਤ ਰੱਖਿਆ ਸੀ। ਭਾਵੇਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਕਦੇ ਵੀ ਨਾ ਮਿਲ ਸਕਿਆ, ਪਰ ਇਸ ਦੇ ਦਬਦਬੇ ਨੇ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਦੀ ਜੱਖਣਾ ਪੁੱਟ ਦਿੱਤੀ ਜਿਨ੍ਹਾਂ 'ਚ ਪੰਜਾਬੀ ਵੀ ਸ਼ਾਮਿਲ ਹੈ। ਭਾਸ਼ਾ ਵਿਗਿਆਨੀ ਨੌਮ ਚੌਮਸਕੀ ਨੇ ਇਸ ਦੀ ਘੋਖ ਕੀਤੀ ਹੈ ਕਿ ਭਾਸ਼ਾਵਾਂ ਦਾ ਉਥਾਨ ਕਿੰਝ ਹੁੰਦਾ ਹੈ ਅਤੇ ਭਾਸ਼ਾਈ ਵਿਰਾਸਤਾਂ ਕਿਵੇਂ ਸਿਰਜੀਆਂ ਜਾਂਦੀਆਂ ਹਨ। ਹਾਲਾਂਕਿ ਉਨ੍ਹਾਂ ਦਾ ਧਿਆਨ ਯੂਰਪੀ ਭਾਸ਼ਾਵਾਂ 'ਤੇ ਕੇਂਦਰਿਤ ਸੀ ਪਰ ਉਨ੍ਹਾਂ ਦੀਆਂ ਲੱਭਤਾਂ ਦੀ ਗੂੰਜ ਉਪ ਮਹਾਦੀਪ ਵਿੱਚ ਵੀ ਸੁਣਾਈ ਦਿੰਦੀ ਹੈ ਜਿੱਥੇ ਸੱਤਾ ਨੂੰ ਗਤੀ ਦੇਣ ਵਾਲੇ ਕਾਰਕ ਭਾਸ਼ਾਈ ਧਾਰਨਾਵਾਂ ਨੂੰ ਘੜਦੇ ਹਨ। ਮਿਸਾਲ ਦੇ ਤੌਰ 'ਤੇ ਪਾਕਿਸਤਾਨ ਵਿੱਚ ਉਰਦੂ ਦੇ ਗ਼ਲਬੇ ਨੇ ਪੰਜਾਬੀ ਨੂੰ ਨੱਪ ਲਿਆ ਸੀ ਹਾਲਾਂਕਿ ਹੁਣ ਪੱਛਮੀ ਪੰਜਾਬ ਵਿੱਚ ਪੰਜਾਬੀ 'ਚ ਰੁਚੀ ਵਧ ਰਹੀ ਹੈ। ਪੂਰਬੀ ਪੰਜਾਬ ਵਿੱਚ ਭਾਵੇਂ 1966 ਤੋਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆ ਹੋਇਆ ਹੈ ਪਰ ਫਿਰ ਵੀ ਵੱਡੇ ਸ਼ਹਿਰੀ ਖੇਤਰਾਂ ਵਿੱਚ ਹਿੰਦੀ ਦਾ ਪ੍ਰਭਾਵ ਵਧ ਰਿਹਾ ਹੈ। ਇਸ ਤੋਂ ਹੀ ਮੈਨੂੰ ਭਾਸ਼ਾ, ਸੱਭਿਆਚਾਰ ਅਤੇ ਸਮਾਜਿਕ ਨੁਹਾਰ ਦੀਆਂ ਤ੍ਰਿਵੇਣੀਆਂ ਦੀ ਤਲਾਸ਼ ਕਰਨ ਲਈ ਪ੍ਰੇਰਨਾ ਮਿਲੀ, ਜਿਸ ਨਾਲ ਪੰਜਾਬੀ ਦੀ ਅਹਿਮੀਅਤ ਪ੍ਰਤੀ ਮੇਰੀ ਸਮਝ ਪੁਖ਼ਤਾ ਹੋਈ ।ਪੰਜਾਬ ਨਾਲ ਮੇਰਾ ਨੇਹੁ ਉਦੋਂ ਹੋਰ ਗੂੜ੍ਹਾ ਹੁੰਦਾ ਚਲਿਆ ਗਿਆ ਜਦੋਂ ਮੈਂ ਇਹ ਜਾਣਿਆ ਕਿ ਕਿਵੇਂ ਭਾਸ਼ਾ ਸਾਨੂੰ ਆਪਣੀ ਪਛਾਣ, ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੋੜਦੀ ਹੈ। ਧਨਬਾਦ (ਝਾਰਖੰਡ) ਦੇ ਇੱਕ ਪੰਜਾਬੀ ਖੱਤਰੀ ਪਰਿਵਾਰ ਵਿੱਚ ਮੇਰਾ ਜਨਮ ਹੋਇਆ ਅਤੇ ਆਪਣੀ ਪੜ੍ਹਾਈ ਅਤੇ ਕੰਮ ਦਿੱਲੀ ਵਿੱਚ ਕੀਤਾ ਹੈ। ਮੈਂ ਅਕਸਰ ਰੋਜ਼ਮਰ੍ਹਾ ਜੀਵਨ ਵਿੱਚ ਹਿੰਦੀ ਦੇ ਦਬਦਬੇ ਦੇ ਬੋਝ ਅਤੇ ਪੰਜਾਬੀ ਨੂੰ ਹੌਲੀ-ਹੌਲੀ ਲੱਗ ਰਹੇ ਖੋਰੇ ਨੂੰ ਮਹਿਸੂਸ ਕੀਤਾ ਹੈ। ਪੰਜਾਬ ਵਿੱਚ ਵਸਦੇ ਮੇਰੇ ਬਹੁਤੇ ਰਿਸ਼ਤੇਦਾਰ ਪੰਜਾਬੀ ਦੀ ਬਜਾਏ ਹਿੰਦੀ ਬੋਲਣ ਨੂੰ ਤਰਜੀਹ ਦਿੰਦੇ ਹਨ। ਜ਼ੀਰਕਪੁਰ ਵਿੱਚ ਰਹਿੰਦੀ ਆਪਣੀ ਦਸ ਸਾਲ ਦੀ ਭਤੀਜੀ ਨੂੰ ਜਦੋਂ ਮੈਂ ਪੁੱਛਿਆ ਕਿ ਉਹ ਪੰਜਾਬੀ ਦੀ ਬਜਾਏ ਹਿੰਦੀ ਕਿਉਂ ਬੋਲਦੀ ਹੈ ਤਾਂ ਉਸ ਦਾ ਜਵਾਬ ਸੀ "ਕਿਉਂਕਿ ਮੈਂ ਇੰਡੀਅਨ ਹੂੰ"। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਨਵੀਂ ਪੀੜ੍ਹੀ ਹਿੰਦੀ ਨੂੰ ਰਾਸ਼ਟਰੀ ਪਛਾਣ ਨਾਲ ਜੋੜ ਕੇ ਵੇਖਦੀ ਹੈ ਤੇ ਪੰਜਾਬੀ ਨੂੰ ਕਿਵੇਂ ਵਿਸਾਰ ਰਹੀ ਹੈ।

ਸ਼ਹਿਰੀ ਪੰਜਾਬੀ ਹਿੰਦੂਆਂ ਅਤੇ ਕੁਝ ਸਿੱਖਾਂ ਅੰਦਰ ਪੰਜਾਬੀ ਤੋਂ ਬੇਮੁੱਖਤਾ ਬਹੁਤ ਤਿੱਖੇ ਰੂਪ ਵਿੱਚ ਨਜ਼ਰ ਆਉਂਦੀ ਹੈ। ਆਜ਼ਾਦੀ ਤੋਂ ਬਾਅਦ ਸ਼ਹਿਰੀ ਮੱਧਵਰਗੀ ਪੰਜਾਬੀਆਂ ਅੰਦਰ ਪੰਜਾਬੀ ਦੀ ਥਾਂ ਹਿੰਦੀ ਨੇ ਲੈਣੀ ਸ਼ੁਰੂ ਕਰ ਦਿੱਤੀ ਸੀ ਤੇ ਇਸ ਨੂੰ ਹਿੰਦੀ ਨਾਲ ਰਾਸ਼ਟਰਵਾਦ ਜੋੜੇ ਜਾਣ ਤੋਂ ਹੱਲਾਸ਼ੇਰੀ ਮਿਲਣ ਲੱਗੀ। ਮੇਰੀ ਮਾਂ (66 ਸਾਲ) ਜਿਸ ਨੇ ਲੁਧਿਆਣੇ ਵਿੱਚ ਪੜ੍ਹਾਈ ਕੀਤੀ ਸੀ, ਨੇ ਦੱਸਿਆ ਕਿ ਸਿਰਫ਼ ਇੱਕ ਸਾਲ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਜਦੋਂਕਿ ਹਿੰਦੀ ਦੀ ਪੜ੍ਹਾਈ ਪਹਿਲੀ ਤੋਂ ਹੀ ਲਾਜ਼ਮੀ ਕਰ ਦਿੱਤੀ ਜਾਂਦੀ ਸੀ। ਜ਼ੀਰਕਪੁਰ ਵਿੱਚ ਕੁਝ ਸਕੂਲਾਂ ਵਿੱਚ ਕਿੰਡਰਗਾਰਟਨ ਤੋਂ ਹੀ ਹਿੰਦੀ ਪੜ੍ਹਾਈ ਜਾਂਦੀ ਹੈ ਜਦੋਂਕਿ ਪੰਜਾਬੀ ਆਮ ਤੌਰ 'ਤੇ ਪੰਜਵੀਂ ਕਲਾਸ ਤੋਂ ਬਾਅਦ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ। ਮੇਰੀ ਭਤੀਜੀ ਦੇ ਸਕੂਲ ਵਿੱਚ ਇਉਂ ਹੀ ਹੈ, ਭਾਵੇਂ ਕੁਝ ਹੋਰ ਸਕੂਲਾਂ ਦੀਆਂ ਨੀਤੀਆਂ ਵਿੱਚ ਫ਼ਰਕ ਸੰਭਵ ਹੈ।

ਪੰਜਾਬੀ ਭਾਸ਼ਾ ਨੂੰ ਲੱਗ ਰਹੇ ਖੋਰੇ ਦੀ ਕਹਾਣੀ ਵਿਅਕਤੀਗਤ ਤਜਰਬਿਆਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਇਸ ਤੋਂ ਕਿਤੇ ਅਗਾਂਹ ਦਾ ਵਰਤਾਰਾ ਹੈ। ਆਮ ਦੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਵਿੱਚ ਕਿਵੇਂ ਵਿਦਿਆਰਥੀਆਂ ਦੇ ਮਨਾਂ ਅੰਦਰ ਉਨ੍ਹਾਂ ਦੀ ਮਾਤ ਭਾਸ਼ਾ (ਪੰਜਾਬੀ) ਬਾਰੇ ਹੀਣਤਾ ਭਰੀ ਜਾਂਦੀ ਹੈ। ਅੰਗਰੇਜ਼ੀ ਅਤੇ ਹਿੰਦੀ ਵਿੱਚ ਪ੍ਰਬੀਨਤਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਅਹਿਮ ਹੈ ਪਰ ਇਸ ਵਾਸਤੇ ਪੰਜਾਬੀ ਦੀ ਬਲੀ ਨਹੀਂ ਦਿੱਤੀ ਜਾਣੀ ਚਾਹੀਦੀ।

ਵੰਡ ਅਤੇ ਭਾਸ਼ਾ ਦੀ ਸਿਆਸਤ ਨੇ ਪੰਜਾਬੀ ਨੂੰ ਬਹੁਤ ਖ਼ੋਰਾ ਲਾਇਆ। ਉਂਝ, ਸੱਭਿਆਚਾਰਕ ਰਹੁ-ਰੀਤਾਂ ਵਿੱਚ ਪੰਜਾਬੀ ਪਛਾਣ ਕੇਂਦਰੀ ਬਣੀ ਹੋਈ ਹੈ। ਵਿਆਹ ਜਿਹੇ ਖ਼ੁਸ਼ੀ ਦੇ ਮੌਕਿਆਂ 'ਤੇ ਸਾਡੇ ਰਿਸ਼ਤੇਦਾਰ, ਭਾਵੇਂ ਹਿੰਦੀ ਵਿੱਚ ਹੀ ਸਹੀ ਆਪਣੀ ਪੰਜਾਬੀ ਪਛਾਣ ਨੂੰ ਦਰਸਾਉਂਦੇ ਹਨ ਪਰ ਗਿੱਧਾ ਤੇ ਭੰਗੜਾ ਉਹ ਪੰਜਾਬੀ ਗਾਣਿਆਂ 'ਤੇ ਹੀ ਪਾਉਂਦੇ ਹਨ। ਫਿਰ ਇਹ ਸੱਭਿਆਚਾਰਕ ਮਾਣ ਉਨ੍ਹਾਂ ਦੇ ਨਿੱਤ ਦੇ ਕਾਰ-ਵਿਹਾਰ ਨਾਲ ਬਿਲਕੁਲ ਮੇਲ ਨਹੀਂ ਖਾਂਦਾ। ਵਿਆਹ ਦੇ ਸੱਦਾ ਪੱਤਰ ਹਿੰਦੀ ਵਿੱਚ ਛਪਵਾਏ ਜਾਂਦੇ ਹਨ ਅਤੇ ਗੱਲਬਾਤ ਵਿੱਚ ਕਦੇ ਕਦਾਈਂ ਹੀ ਪੰਜਾਬੀ ਸ਼ਬਦ ਆਉਂਦੇ ਹਨ। ਨਵੀਂ ਪੀੜ੍ਹੀ ਵਿੱਚ ਇਹ ਪਾੜ੍ਹਾ ਹੋਰ ਵਧ ਰਿਹਾ ਹੈ। ਮਹਾਨਗਰਾਂ ਵਿੱਚ ਰਹਿਣ ਵਾਲੇ ਪੰਜਾਬੀ ਆਪਣੇ ਬੱਚਿਆਂ ਨਾਲ ਬਹੁਤਾ ਹਿੰਦੀ ਵਿੱਚ ਹੀ ਗੱਲਬਾਤ ਕਰਦੇ ਹਨ ਅਤੇ ਇੰਝ ਉਨ੍ਹਾਂ ਦੇ ਘਰਾਂ 'ਚੋਂ ਮਾਤ ਭਾਸ਼ਾ ਮਨਫ਼ੀ ਹੋ ਰਹੀ ਹੈ। 62 ਸਾਲ ਦੇ ਮੇਰੇ ਇੱਕ ਰਿਸ਼ਤੇਦਾਰ ਦੀ 38 ਸਾਲਾ ਧੀ ਆਪਣੇ ਬੱਚਿਆਂ ਨਾਲ ਹਿੰਦੀ ਵਿੱਚ ਗੱਲ ਕਰਦੀ ਹੈ। ਮੇਰੇ ਦੋਵੇਂ ਭਤੀਜੇ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਅਸਮੱਰਥ ਹਨ। ਜਦੋਂ ਮੈਂ ਆਪਣੀ ਭਤੀਜੀ ਸਾਹਮਣੇ 'ਡੱਡੂ' ਸ਼ਬਦ ਬੋਲ ਬੈਠੀ ਤਾਂ ਉਸ ਨੇ ਪੁੱਛਿਆ "ਵਟ ਇਜ਼ ਡੱਡੂ ?"। ਆਖ਼ ?ਰ ਮੈਨੂੰ ਹਿੰਦੀ ਦਾ ਸ਼ਬਦ 'ਮੇਂਡਕ' ਵਰਤ ਕੇ ਉਸ ਨੂੰ 'ਡੱਡੂ' ਦਾ ਅਰਥ ਸਮਝਾਉਣਾ ਪਿਆ। ਸਿਤਮਜ਼ਰੀਫ਼ੀ ਹੈ ਕਿ ਮੇਰੇ ਕੁਝ ਰਿਸ਼ਤੇਦਾਰ ਆਪਣੀ ਪੰਜਾਬੀ ਪਛਾਣ ਨੂੰ ਮਾਣ ਨਾਲ ਪ੍ਰਗਟ ਕਰਦੇ ਹਨ ਤੇ ਨਾਲ ਹੀ ਬਿਹਾਰ ਤੋਂ ਆਏ ਲੋਕਾਂ ਨੂੰ ਨੀਵਾਂ ਸਮਝਦੇ ਹਨ, 'ਬਿਹਾਰੀ' ਵਰਗੇ ਸ਼ਬਦ ਨੂੰ ਵੀ ਅਪਮਾਨਜਨਕ ਢੰਗ ਨਾਲ ਵਰਤਦੇ ਹਨ। ਫਿਰ ਵੀ ਆਪਣੀ ਭਾਸ਼ਾ ਨੂੰ ਅਪਣਾਉਣ ਲੱਗਿਆਂ ਝਿਜਕ ਮਹਿਸੂਸ ਕਰਦੇ ਹਨ। ਇਹ ਵਿਰੋਧਾਭਾਸ, ਪਛਾਣ ਘੜਨ 'ਚ ਭਾਸ਼ਾਈ ਵਰਗੀਕਰਨ ਤੇ ਸਮਾਜਿਕ ਰੀਤਾਂ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਕੁਲੀਨ ਵਰਗ ਦੀਆਂ ਭਾਸ਼ਾਈ ਤਰਜੀਹਾਂ ਇਸ ਵੰਡ ਨੂੰ ਹੋਰ ਗਹਿਰਾ ਕਰਦੀਆਂ ਹਨ। ਐੱਸਓਏਐੱਸ 'ਚ ਮੇਰੇ ਅਧਿਆਪਕ ਪ੍ਰੋਫ਼ੈਸਰ ਡੇਵ, ਦਲੀਲ ਦਿੰਦੇ ਹਨ ਕਿ ਕਿਸੇ ਭਾਸ਼ਾ ਦੀ ਹੋਂਦ ਕੁਲੀਨਾਂ ਵੱਲੋਂ ਇਸ ਨੂੰ ਅਪਨਾਉਣ 'ਤੇ ਨਿਰਭਰ ਕਰਦੀ ਹੈ। ਸ਼ਹਿਰੀ ਪੰਜਾਬ 'ਚ, ਜ਼ਿਆਦਾਤਰ ਕੁਲੀਨ ਵਰਗ ਪੰਜਾਬੀ ਨੂੰ ਪਹਿਲ ਨਹੀਂ ਦਿੰਦਾ। ਰੋਜ਼ਾਨਾ ਦੀ ਗੱਲਬਾਤ 'ਚ ਇਹ ਦਿਸਦਾ ਹੈ। ਇੱਕ ਵਾਰ ਚੰਡੀਗੜ੍ਹ ਦੇ ਕਿਸੇ ਮਹਿੰਗੇ ਕੈਫੇ ਵਿੱਚ, ਮੈਂ ਇੱਕ ਔਰਤ ਨੂੰ ਇਹ ਕਹਿੰਦਿਆਂ ਸੁਣਿਆ, "ਮੇਰੇ ਹਸਬੈਂਡ ਪੰਜਾਬੀ ਬੋਲਤੇ ਹੈਂ, ਪਰ ਮੈਂ ਹਿੰਦੀ ਬੋਲਤੀ ਹੂੰ, ਇਸੀ ਲੀਏ ਮੇਰੀ ਬੇਟੀ ਭੀ ਹਿੰਦੀ ਬੋਲਤੀ ਹੈ"। ਭਾਵੇਂ ਕੁਲੀਨਾਂ ਨੂੰ ਅਕਸਰ ਅੰਗਰੇਜ਼ੀ 'ਚ ਗੱਲਬਾਤ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਮੱਧਵਰਗ ਤੇ ਨਿਮਨ ਮੱਧਵਰਗ ਬਹੁਤਾ ਕਰ ਕੇ ਹਿੰਦੀ ਹੀ ਬੋਲਦਾ ਹੈ ਕਿਉਂਕਿ ਅੰਗਰੇਜ਼ੀ ਬੋਲਣੀ ਉਨ੍ਹਾਂ ਨੂੰ ਮੁਸ਼ਕਿਲ ਲੱਗਦੀ ਹੈ।

ਚੰਡੀਗੜ੍ਹ ਤੇ ਜ਼ੀਰਕਪੁਰ 'ਚ, ਜਾਪਦਾ ਹੈ ਕਿ ਗ਼ੈਰ-ਰਸਮੀ ਤੌਰ 'ਤੇ, ਰੱਜੇ-ਪੁੱਜੇ ਇਲਾਕਿਆਂ 'ਚ ਪੰਜਾਬੀ 'ਤੇ ਰੋਕ ਲੱਗੀ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਮਾਲਵੇ ਤੇ ਮਾਝੇ ਵਿੱਚ ਹਿੰਦੀ ਦਾ ਓਨਾ ਬੋਲਬਾਲਾ ਨਹੀਂ ਹੈ ਜਿੰਨਾ ਦੋਆਬੇ 'ਚ ਮਹਿਸੂਸ ਹੁੰਦਾ ਹੈ। ਜਲੰਧਰ ਵਰਗੇ ਸ਼ਹਿਰਾਂ ਵਿੱਚ ਵੀ, ਇਹ ਦੇਖਿਆ ਗਿਆ ਹੈ ਕਿ ਆਮ ਤੌਰ 'ਤੇ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਬੋਲਦੀਆਂ ਹਨ। ਜਿਹੜੀ ਚੀਜ਼ ਨਿਰਾਸ਼ਾਜਨਕ ਹੈ, ਉਹ ਹੈ ਭਾਸ਼ਾ ਤੇ ਅਮੀਰ ਵਿਰਾਸਤ ਦਾ ਨੁਕਸਾਨ ਹੋਣਾ ਤੇ ਮਿਟਦੇ ਜਾਣਾ। ਪੰਜਾਬੀ ਬੁੱਲ੍ਹੇ ਸ਼ਾਹ ਦੀ ਭਾਸ਼ਾ ਹੈ ਜਿਨ੍ਹਾਂ ਰੂਹਾਨੀ ਇਸ਼ਕ ਦਾ ਪਾਠ ਪੜ੍ਹਾਇਆ; ਇਹ ਹੀਰ ਨੂੰ ਅਮਰ ਕਰ ਦੇਣ ਵਾਲੇ ਵਾਰਿਸ ਸ਼ਾਹ ਦੀ ਭਾਸ਼ਾ ਹੈ ਜੋ ਆਪਣੇ ਸਮਿਆਂ ਦੀ ਉੱਘੀ ਨਾਰੀਵਾਦੀ ਹਸਤੀ ਸੀ; ਸੰਤ ਰਾਮ ਉਦਾਸੀ ਦੀ ਵੀ ਜਿਨ੍ਹਾਂ ਜਾਤ-ਪਾਤ ਦੇ ਵਰਗੀਕਰਨ ਨੂੰ ਲਲਕਾਰਿਆ; ਅਤੇ ਸ਼ਿਵ ਕੁਮਾਰ ਬਟਾਲਵੀ ਦੀ ਵੀ ਜੋ ਬੇਸ਼ੱਕ ਵੀਹਵੀਂ ਸਦੀ ਦੇ ਸਭ ਤੋਂ ਪ੍ਰਸਿੱਧ ਪੰਜਾਬੀ ਕਵੀ ਹਨ। ਫਿਰ ਵੀ ਬਹੁਤੇ ਪੰਜਾਬੀ ਇਸ ਅਮੀਰੀ ਦੀ ਕਦਰ ਪਾਉਣ 'ਚ ਨਾਕਾਮ ਰਹੇ ਹਨ। ਉਹ ਇੱਕ ਵਿਆਪਕ ਵਿਚਾਰਧਾਰਕ ਯੋਜਨਾ ਦੇ ਸ਼ਿਕਾਰ ਹਨ - ਜਿਸ ਨੂੰ ਮੈਂ "ਹਿੰਦੀ-ਹਿੰਦੂ-ਹਿੰਦੂਤਵ' ਏਜੰਡੇ ਦਾ ਨਾਂ ਦਿਆਂਗੀ - ਜੋ ਭਾਰਤੀ ਹੋਣ ਨੂੰ ਹਿੰਦੀ ਨਾਲ ਜੋੜਦੀ ਹੈ ਜਦੋਂਕਿ ਬਾਕੀ ਖੇਤਰੀ ਭਾਸ਼ਾਵਾਂ ਨੂੰ ਨੀਵਾਂ ਦਿਖਾਉਂਦੀ ਹੈ।

ਅਖ਼ੀਰ 'ਚ ਮੈਂ ਖ਼ੁਦ ਲੋਪ ਹੋਣ ਕੰਢੇ ਪੁੱਜੀ ਅਵਾਰ ਭਾਸ਼ਾ 'ਚ ਲਿਖੇ ਰਸੂਲ ਹਮਜ਼ਾਤੋਵ ਦੇ ਨਾਵਲ ਦੀ ਇੱਕ ਗਹਿਰੀ ਸਤਰ ਦਾ ਜ਼ਿਕਰ ਕਰਨਾ ਚਾਹਾਂਗੀ: "ਜਦੋਂ ਲੋਕ ਆਪਣੀ ਭਾਸ਼ਾ ਨੂੰ ਵਿਸਾਰ ਦਿੰਦੇ ਹਨ ਤਾਂ ਉਹ ਆਪਣੀ ਰੂਹ ਵੀ ਗੁਆ ਬਹਿੰਦੇ ਹਨ।" ਆਪਣੇ ਰਿਸ਼ਤੇਦਾਰਾਂ ਨੂੰ ਅਜਿਹੀ ਜੜ੍ਹਹੀਣ ਜ਼ਿੰਦਗੀ ਜਿਊਂਦੇ ਦੇਖ ਮੇਰੇ ਮਨ 'ਚ ਉਨ੍ਹਾਂ ਪ੍ਰਤੀ ਤਰਸ, ਕ੍ਰੋਧ ਤੇ ਨਿਰਾਸ਼ਾ ਦੇ ਭਾਵ ਪੈਦਾ ਹੁੰਦੇ ਹਨ, ਭਾਵੇਂ ਮੈਂ ਸਮਝਦੀ ਹਾਂ ਕਿ ਉਹ ਇਸ ਖ਼ੋਰੇ ਦੇ ਹੀ ਸ਼ਿਕਾਰ ਹਨ। ਜੇ ਹਾਲਾਤ ਬਦਲ ਗਏ ਤਾਂ ਉਹ ਵੀ ਢਲ ਹੀ ਜਾਣਗੇ। ਹਾਲਾਂਕਿ, ਪੰਜਾਬੀ ਦੀ ਹੋਣੀ ਕੇਵਲ ਨੀਤੀਆਂ ਘੜਨ 'ਤੇ ਨਹੀਂ ਬਲਕਿ ਆਪਣੀ ਅਮੀਰ ਵਿਰਾਸਤ ਨੂੰ ਮੁੜ ਦਿਲੋਂ ਅਪਨਾਉਣ ਤੇ ਇਸ ਦਾ ਜਸ਼ਨ ਮਨਾਉਣ ਦੀ ਸਾਂਝੀ ਵਚਨਬੱਧਤਾ ਉੱਤੇ ਨਿਰਭਰ ਕਰਦੀ ਹੈ।




# ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਅਤੀ ਜ਼ਰੂਰੀ

ਭਾਸ਼ਾ ਮਨੁੱਖੀ ਜਜ਼ਬਾਤਾਂ ਅਤੇ ਸੰਵੇਦਨਾਵਾਂ ਨੂੰ ਪ੍ਰਗਟ ਕਰਨ ਲਈ ਜ਼ਰੀਆ ਹੁੰਦੀ ਹੈ। ਦੁਨੀਆਂ ਦੀਆਂ ਤਮਾਮ ਭਾਸ਼ਾਵਾਂ ਨੇ ਹੌਲੀ-ਹੌਲੀ ਵਿਕਾਸ ਕਰ ਕੇ ਜੋ ਵਰਤਮਾਨ ਵਿੱਚ ਆਪਣੀ ਸਥਿਤੀ ਬਣਾਈ ਹੈ ਉਨ੍ਹਾਂ ਦਾ ਆਪੋ-ਆਪਣਾ ਇਕ ਵੱਖਰਾ ਇਤਿਹਾਸ ਹੈ। ਜਿਨ੍ਹਾਂ ਵਿੱਚ ਪੰਜਾਬੀ ਭਾਸ਼ਾ ਵੀ ਇੱਕ ਹੈ। ਪੰਜਾਬੀ ਸਾਡੀ ਮਾਂ-ਬੋਲੀ ਹੈ। ਸਾਡੇ ਗੁਰੂਆਂ, ਪੀਰਾਂ-ਫ਼ਕੀਰਾਂ, ਸੂਫ਼ੀ ਕਵੀਆਂ ਨੇ ਪੰਜਾਬੀ ਭਾਸ਼ਾ ਨੂੰ ਜੋ ਸਨਮਾਨ ਦਿੱਤਾ ਹੈ ਉਹ ਇਸ ਦੀ ਅਹਿਮੀਅਤ ਅਤੇ ਸਾਰਥਕਤਾ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ। ਪਰੰਤੂ ਵਰਤਮਾਨ ਵਿੱਚ ਪੰਜਾਬੀ ਦੀ ਜੋ ਸਥਿਤੀ ਹੈ ਉਹ ਸਮੁੱਚੇ ਪੰਜਾਬੀਆਂ ਲਈ ਕਿਸੇ ਹੱਦ ਤਕ ਚਿੰਤਾਜਨਕ ਤਾਂ ਜਾਪਦੀ ਹੈ ਪਰ ਨਾਲ ਦੇ ਨਾਲ ਇਸ ਦੇ ਚਿੰਤਾਜਨਕ ਹੋਣ ਦੇ ਜ਼ਿੰਮੇਵਾਰ ਕਾਰਨਾਂ ਵਿੱਚ ਇੱਕ ਕਾਰਨ ਅਸੀਂ ਪੰਜਾਬੀ ਖ਼ੁੱਦ ਵੀ ਹਾਂ। ਅੱਜ ਸਾਡੇ ਪੰਜਾਬੀ ਘਰਾਂ ਵਿੱਚ ਪੰਜਾਬੀ ਦੀ ਥਾਂ ਦੂਜੀਆਂ ਭਾਸ਼ਾਵਾਂ ਨੂੰ ਤਰਜੀਹ ਦੇ ਕੇ (ਭਾਵੇਂ ਉਹ ਸ਼ਹਿਰੀ ਵੱਸੋਂ ਵਾਲੇ ਹੋਣ ਜਾਂ ਪੇਂਡੂ) ਕਿਸੇ ਹੱਦ ਤੱਕ ਅਸੀਂ ਆਪ ਹੀ ਪੰਜਾਬੀ ਭਾਸ਼ਾ ਨਾਲ ਵਿਤਕਰੇ ਵਾਲੀ ਭਾਵਨਾ ਪੈਦਾ ਕਰ ਰਹੇ ਹਾਂ। ਸਭ ਤੋਂ ਪਹਿਲੀ ਗੱਲ ਇਹ ਕਿ ਅਸੀਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਾਉਣ ਦੇ ਚੱਕਰ ਵਿੱਚ ਖ਼ੁਦ ਹੀ ਉਨ੍ਹਾਂ ਨੂੰ ਪੰਜਾਬੀ ਤੋਂ ਬੇਮੁਖ ਕਰ ਰਹੇ ਹਾਂ ਤੇ ਨਾਲ ਦੇ ਨਾਲ ਇਹ ਵੀ ਤਰਕ ਰੱਖਦੇ ਹਾਂ ਕਿ ਪੰਜਾਬੀ ਮਾਧਿਅਮ ਵਿੱਚ ਸਿੱਖਿਆ ਗ੍ਰਹਿਣ ਕਰਨ ਦੇ ਨਾਲ ਉਨ੍ਹਾਂ ਦਾ ਬੱਚਾ ਬਾਕੀਆਂ ਨਾਲੋਂ ਪਿੱਛੇ ਰਹਿ ਜਾਵੇਗਾ, ਜੋ ਕਿ ਕਿਸੇ ਵੀ ਹਾਲਤ ਵਿੱਚ ਠੀਕ ਜਾਂ ਤਰਕ-ਸੰਗਤ ਨਹੀਂ ਜਾਪਦਾ। ਬੱਚੇ ਨੂੰ ਦੂਜੀਆਂ ਭਾਸ਼ਾਵਾਂ ਦਾ ਗਿਆਨ ਦਿਵਾਉਣਾ ਕੋਈ ਮਾੜੀ ਗੱਲ ਨਹੀਂ ਪਰੰਤੂ ਇਸ ਦੀ ਆੜ ਵਿੱਚ ਆਪਣੀ 'ਮਾਂ ਬੋਲੀ' ਨੂੰ ਖੂੰਜੇ ਲਾ ਦੇਣਾ ਇਕ ਬਹੁਤ ਹੀ ਮਾੜਾ ਵਰਤਾਰਾ ਹੈ।

ਅਸਲ ਵਿੱਚ ਬੱਚੇ ਨੂੰ ਮੁੱਢਲੀ ਵਿੱਦਿਆ ਦੇਣੀ ਹੀ ਉਸ ਦੀ ਮਾਂ-ਬੋਲੀ ਵਿੱਚ ਚਾਹੀਦੀ ਹੈ ਜੇਕਰ ਬੱਚਾ ਆਪਣੀ ਮਾਂ ਬੋਲੀ ਦੇ ਵਿਆਕਰਣਕ ਨੇਮਾਂ ਨੂੰ ਹੀ ਨਹੀਂ ਜਾਣ ਸਕੇਗਾ ਤਾਂ ਇਹ ਵੀ ਗੱਲ ਪੱਕੀ ਹੈ ਕਿ ਉਸ ਨੂੰ ਦੂਜੀ ਵੀ ਕਿਸੇ ਭਾਸ਼ਾ ਦਾ ਗਿਆਨ ਨਹੀਂ ਹੋ ਸਕਦਾ। ਪਰੰਤੂ ਅਜੋਕੇ ਪੰਜਾਬੀ ਸਮਾਜ ਵਿੱਚ ਜੋ ਵਰਤਾਰਾ ਚੱਲ ਰਿਹਾ ਹੈ ਉਹ ਇਹ ਹੈ ਕਿ ਅਸੀਂ ਜਦੋਂ ਬੱਚੇ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲਾ ਦਿਵਾ ਦਿੰਦੇ ਹਾਂ ਤਾਂ ਉਸ ਸਮੇਂ ਅਸੀਂ ਸਿਰਫ ਦਾਖ਼ਲੇ ਤੱਕ ਹੀ ਆਪਣਾ ਫ਼ਰਜ਼ ਸਮਝਦੇ ਹਾਂ ਕਿ ਬੱਚਾ ਹੁਣ ਅੰਗਰੇਜ਼ੀ ਭਾਸ਼ਾ ਸਿੱਖ ਜਾਵੇਗਾ। ਪਰੰਤੂ ਘਰ ਵਿੱਚ ਮਾਹੌਲ ਅੰਗਰੇਜ਼ੀ ਵਾਲਾ ਨਾ ਹੋ ਕੇ ਬੱਚਾ ਦੁਵੱਲੀ ਸਥਿਤੀ ਵਿੱਚ ਫਸ ਜਾਂਦਾ ਹੈ। ਅਸੀਂ ਬੱਚੇ ਨਾਲ ਟੁੱਟੀ-ਫੁੱਟੀ ਅੰਗਰੇਜ਼ੀ ਜਿਸ ਵਿੱਚ ਕੁਝ ਸ਼ਬਦ ਪੰਜਾਬੀ ਤੇ ਹਿੰਦੀ ਦੇ ਵੀ ਹੁੰਦੇ ਹਨ ਗੱਲ ਕਰਦੇ ਹਾਂ ਤਾਂ ਸਥਿਤੀ ਹੋਰ ਵੀ ਬਦ ਤੋਂ ਬਦਤਰ ਵਾਲੀ ਹੋ ਜਾਂਦੀ ਹੈ। ਨਤੀਜਤਨ ਅੱਠਵੀਂ ਜਾਂ ਦੱਸਵੀਂ ਤਕ ਪਹੁੰਚਦੇ-ਪੁੱਛਦੇ ਬੱਚਾ ਨਾ ਤਾਂ ਪੂਰੀ ਤਰ੍ਹਾਂ ਅੰਗਰੇਜ਼ੀ ਹੀ ਬੋਲ ਸਕਦਾ ਹੈ ਤੇ ਨਾ ਹੀ ਉਸ ਨੂੰ ਆਪਣੀ ਮਾਂ-ਬੋਲੀ ਪੰਜਾਬੀ ਦਾ ਗਿਆਨ ਹੁੰਦਾ ਹੈ। ਇੱਥੋਂ ਤੱਕ ਕਿ ਉਸ ਨੂੰ ਪੰਜਾਬੀ ਵਰਣਮਾਲਾ (ਪੈਂਤੀ) ਤੱਕ ਦਾ ਵੀ ਗਿਆਨ ਨਹੀਂ ਹੁੰਦਾ, ਇੱਥੇ ਇਹ ਵੀ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਕਈ ਵਾਰ 10ਵੀਂ ਜਾਂ 12ਵੀਂ ਪੜ੍ਹਿਆ ਬੱਚਾ ਪੰਜਾਬੀ ਭਾਸ਼ਾ ਵਿੱਚ ਇਕ ਚਿੱਠੀ ਜਾਂ ਦਰਖ਼ਾਸਤ ਵੀ ਠੀਕ ਢੰਗ ਨਾਲ ਨਹੀਂ ਲਿਖ ਸਕਦਾ। ਪੰਜਾਬੀ ਮਾਂ-ਬੋਲੀ ਪ੍ਰਤੀ ਇਹ ਰੁਝਾਨ ਬਹੁਤ ਹੀ ਗੰਭੀਰ ਤੇ ਚਿੰਤਾਜਨਕ ਹੈ। ਪੰਜਾਬੀ ਭਾਸ਼ਾ ਸਬੰਧੀ ਇਕ ਹੋਰ ਵਤੀਰਾ ਜੋ ਕਿ ਭਾਸ਼ਾ ਦੇ ਪੱਖ ਤੋਂ ਬੇਹੱਦ ਖ਼ਤਰਨਾਕ ਹੈ ਉਹ ਇਹ ਕਿ ਅੱਜ ਪਦਾਰਥਵਾਦੀ ਦੌੜ ਵਿਚ ਇਸ਼ਤਿਹਾਰਬਾਜ਼ੀ ਦਾ ਜੋ ਰੁਝਾਨ ਚੱਲ ਰਿਹਾ ਹੈ ਉਸ ਨੇ ਵੀ ਪੰਜਾਬੀ ਭਾਸ਼ਾ ਨੂੰ ਕਾਫੀ ਹੱਦ ਤਕ ਪ੍ਰਭਾਵਿਤ ਕੀਤਾ ਹੈ। ਪੰਜਾਬ ਤੋਂ ਬਾਹਰਲੇ ਰਾਜਾਂ ਦੀ ਗੱਲ ਕੀ ਕਰਨੀ ਜੇਕਰ ਅਸੀਂ ਕੇਵਲ ਪੰਜਾਬ ਦੀ ਹੀ ਗੱਲ ਕਰੀਏ ਤਾਂ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਥਾਂ-ਥਾਂ ਲੱਗਣ ਵਾਲੇ ਇਸ਼ਤਿਹਾਰ, ਸਾਈਨ ਬੋਰਡ, ਫਲੈਕਸ ਬੋਰਡਾਂ ਇੱਥੋਂ ਤੱਕ ਕਿ ਟੀ. ਵੀ. 'ਤੇ ਚੱਲਣ ਵਾਲੇ ਕਈ ਪੰਜਾਬੀ ਚੈਨਲਾਂ ਉਪਰ ਪੰਜਾਬੀ ਦੇ ਸ਼ਬਦ-ਜੋੜ ਕਾਫ਼ੀ ਗਲਤ ਹੁੰਦੇ ਹਨ। ਜਿਸ ਵੱਲ ਇਨ੍ਹਾਂ ਦੇ ਸੰਚਾਲਕਾਂ ਦਾ ਕੋਈ ਧਿਆਨ ਨਹੀਂ ਜਾਂਦਾ, ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬੀ ਭਾਸ਼ਾ ਪ੍ਰਤੀ ਸੁਚੇਤ ਵਰਗ ਇਸ ਵਰਤਾਰੇ ਨੂੰ ਦੇਖਦਾ ਤਾਂ ਜ਼ਰੂਰ ਹੈ ਤੇ ਉਸ ਨੂੰ ਪਤਾ ਵੀ ਲੱਗ ਜਾਂਦਾ ਹੈ ਕਿ ਸ਼ਬਦ-ਜੋੜ ਗਲਤ ਹਨ ਪਰੰਤੂ ਕੋਈ ਠੋਸ ਕਦਮ ਨਹੀਂ ਚੁੱਕੇ ਜਾਂਦੇ। ਹੁਣ ਉਹੀ ਗਲਤ ਸ਼ਬਦ-ਜੋੜ ਜੋ ਬੋਰਡਾਂ ਆਦਿ 'ਤੇ ਲਿਖੇ ਗਏ ਹੁੰਦੇ ਹਨ ਹੌਲੀ-ਹੌਲੀ ਪ੍ਰਪੱਕ ਹੋ ਜਾਂਦੇ ਹਨ ਜੋ ਕਿ ਆਮ ਹੀ ਹੋ ਗਿਆ ਹੈ। ਕੋਈ ਵੀ ਵਿਅਕਤੀ ਵਿਸ਼ੇਸ਼ ਇਸ ਗੱਲ ਵੱਲ ਧਿਆਨ ਨਹੀਂ ਦਿੰਦਾ ਬਲਕਿ ਅਸੀਂ ਮਾਂ-ਬੋਲੀ ਪੰਜਾਬੀ ਦਾ ਹੁੰਦਾ ਘਾਣ ਚੁੱਪ-ਚਾਪ ਆਪਣੀਆਂ ਅੱਖਾਂ ਨਾਲ ਦੇਖੀ ਜਾ ਰਹੇ ਹਾਂ। ਪੰਜਾਬੀ ਮਾਂ ਬੋਲੀ ਪ੍ਰਤੀ ਸਾਡਾ ਅਵੇਸਲਾਪਨ ਮਾੜੀ ਗੱਲ ਹੈ ਕਿਉਂ ਕਿ ਜੇਕਰ ਅਸੀਂ ਪੰਜਾਬੀ ਮਾਂ ਬੋਲੀ ਨੂੰ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਪੱਧਰ 'ਤੇ ਬਣਦਾ ਮਾਣ-ਸਨਮਾਨ ਦਿਵਾਉਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਇਹ ਅਮਲ ਸਾਨੂੰ ਆਪਣੇ ਘਰ ਤੋਂ ਸ਼ੁਰੂ ਕਰਨਾ ਪਵੇਗਾ। ਮਾਪਿਆਂ ਦਾ ਬੱਚਿਆਂ ਦੀ ਪਰਵਰਿਸ਼ ਕਰਨ ਦੇ ਨਾਲ-ਨਾਲ ਮੁੱਢਲਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਸਿਖਾਉਣ ਤਾਂ ਹੀ ਅਸੀਂ ਮਾਂ-ਬੋਲੀ ਪੰਜਾਬੀ ਦੇ ਸੱਚੇ ਸਪੂਤ ਅਖਵਾ ਸਕਾਂਗੇ, ਨਹੀਂ ਤਾਂ ਸਾਡਾ ਆਉਣ ਵਾਲਾ ਭਵਿੱਖ ਆਪਣੇ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ ਅਤੇ ਇਸ ਦੇ ਅਮੀਰ-ਸਹਿਤ ਦੇ ਵਿਰਸੇ ਤੋਂ ਬੇਮੁਖ ਤੇ ਅਣਜਾਣ ਰਹਿ ਜਾਵੇਗਾ।



ਬਿੱਕਰਮਜੀਤ ਸਿੰਘ
ਸੰਪ-87278-00372

# ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਵਿਸਤਾਰ

ਸੰਸਾਰ ਵਿੱਚ ਬਹੁਤ ਭਾਰੀ ਗਿਣਤੀ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਲੋਕ ਰਹਿੰਦੇ ਹਨ ਅਤੇ ਉਨ੍ਹਾਂ ਸਾਰਿਆਂ ਦੀ ਭਾਸ਼ਾ ਵੱਖਰੀ ਵੱਖਰੀ ਹੈ ? ਕੁਝ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਹੈ ਅਤੇ ਕਈ ਸਥਾਨਕ ਲੋਕ ਕਬੀਲਿਆਂ ਵੱਲੋਂ ਆਪਣੀਆਂ ਆਪਣੀਆਂ ਉਪ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਪ੍ਰਯੋਗ ਉਹ ਆਪਸੀ ਨਿੱਜੀ ਮੇਲ-ਜੋਲ ਵੇਲੇ ਕਰਦੇ ਹਨ ? ਪਰ ਉਹ ਸਥਾਈ ਅਤੇ ਦੇਸ਼ ਦੀਆਂ ਮੁੱਖ ਭਾਸ਼ਾਵਾਂ ਤੇ ਆਪਣੀਆਂ ਰਾਜ ਭਾਸ਼ਾਵਾਂ ਤੋਂ ਵੀ ਭਲੀਭਾਂਤ ਜਾਣੂੰ ਹੁੰਦੇ ਹਨ ਜਿਸ ਨਾਲ ਉਨ੍ਹਾਂ ਦਾ ਬਾਹਰੀ ਸੰਸਾਰ ਨਾਲ ਤਾਲਮੇਲ ਬਣਿਆ ਰਹਿੰਦਾ ਹੈ ? ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਦਾ ਬਹੁਤ ਪ੍ਰਚਾਰ ਤੇ ਪ੍ਰਸਾਰ ਹੈ ? ਇੰਗਲਿਸ਼ ਭਾਸ਼ਾ ਤੋਂ ਜਾਣੂੰ ਵਿਅਕਤੀ ਲਗਭਗ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਰਹਿ ਰਹੇ ਲੋਕਾਂ ਨਾਲ ਅਤੇ ਸਰਕਾਰੀ ਕੰਮਾਂ ਵਾਸਤੇ ਚੰਗੀ ਤਰ੍ਹਾਂ ਮੇਲਜੋਲ ਬਣਾਈ ਰੱਖ ਸਕਦਾ ਹੈ ?

ਸਾਰੀ ਭਾਸ਼ਾਵਾਂ ਨਾਲ ਸੰਬੰਧਤ ਭਾਸ਼ਾ ਵਿਗਿਆਨੀ ਅਰਥਾਤ ਭਾਸ਼ਾ ਸ਼ਾਸਤਰੀ ਆਪਣੀਆਂ-ਆਪਣੀਆਂ ਭਾਸ਼ਾਵਾਂ ਦੇ ਵਿਕਾਸ ਵਿੱਚ ਜੁਟੇ ਹੋਏ ਹਨ ਤੇ ਉਨ੍ਹਾਂ ਨੇ ਆਪਣੀ ਸੰਬੰਧਤ ਭਾਸ਼ਾਵਾਂ ਦੀ ਉਨਤੀ ਲਈ ਕਈ ਹੋਰ ਨਵੀਆਂ ਖੋਜਾਂ ਵੀ ਕੀਤੀਆਂ ਹਨ ? ਕਈ ਪ੍ਰਚਲਿਤ ਮਿਲਦੇ-ਜੁਲਦੇ ਸ਼ਬਦਾਂ ਨੂੰ ਅਪਨਾਉਣ ਹਿੱਤ ਬਹੁਤ ਮਿਹਨਤ ਤੇ ਖੋਜ ਕਰ ਰਹੇ ਹਨ ? ਉਹ ਸਭ ਭਾਸ਼ਾ ਉਦਮੀ ਆਪਣੀ-ਆਪਣੀ ਭਾਸ਼ਾ ਦੇ ਖਜਾਨੇ ਵਿੱਚ ਲਗਾਤਾਰ ਵਾਧਾ ਕਰ ਰਹੇ ਹਨ ? ਪੰਜਾਬੀ ਬੋਲਣ ਵਾਲੇ ਲੋਕ ਹੁਣ ਤਕਰੀਬਨ ਸਾਰੇ ਮੁਲਕਾਂ ਵਿੱਚ ਵਸਦੇ ਹਨ ਅਤੇ ਉਹ ਸਾਰੇ ਆਪਣੀ ਪਿਆਰੀ ਤੇ ਮਿੱਠੀ ਭਾਸ਼ਾ ਪੰਜਾਬੀ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਸਦੀਵੀ ਸਬੰਧ ਬਨਾਈ ਰੱਖਣ ਲਈ ਪ੍ਰਯਤਨਸ਼ੀਲ ਹਨ ? ਅਸੀਂ ਇਸ ਲੇਖ ਰਾਹੀਂ ਕੇਵਲ ਪੰਜਾਬੀ ਭਾਸ਼ਾ ਦੀ ਉਨਤੀ ਲਈ ਕੀਤੇ ਜਾ ਰਹੇ ਉਪਰਾਲਿਆਂ ਸੰਬੰਧੀ ਹੀ ਵਿਚਾਰ ਕਰਾਂਗੇ ?

ਪੰਜਾਬੀ ਭਾਸ਼ਾ ਨਾਲ ਸੰਬੰਧਤ ਬੋਲੀ ਜਾਂਦੀਆਂ ਬੋਲੀਆਂ ਸਿੰਧ ਨਦੀ ਤੋਂ ਅੰਬਾਲੇ ਦੇ ਇਲਾਕੇ ਵਿਚਕਾਰ ਹੀ ਮਿਲਦੀਆਂ ਹਨ ? ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਆਖਿਆ ਜਾਂਦਾ ਹੈ ? ਪੰਜਾਬੀ ਦੇ ਨਾਮ ਤੋਂ ਹੀ ਸਾਫ ਜਾਹਿਰ ਹੁੰਦਾ ਹੈ ਕਿ ਇਹ ਮੁੱਖ ਤੌਰ ਤੇ ਪੰਜਾਬ ਦੀ ਭਾਸ਼ਾ ਹੈ ? ਇਹ ਪਾਕਿਸਤਾਨ ਤੇ ਇਧਰਲੇ ਪੰਜਾਬ ਵਿੱਚ ਬੋਲੀ ਜਾਂਦੀ ਮੁੱਖ ਭਾਸ਼ਾ ਹੈ ? ਸਿੰਧ ਦੇ ਕੰਢੇ ਲਹਿੰਦੀ ਬੋਲੀ ਵਰਤੀ ਜਾਂਦੀ ਹੈ ? ਲਹਿੰਦੀ ਦਾ ਸੰਬੰਧ ਜਿਤਨਾ ਸਿੰਧੀ ਨਾਲ ਹੈ ਓਨਾ ਹੀ ਪੰਜਾਬੀ ਨਾਲ ਸੰਬੰਧ ਢੁੱਕਦਾ ਹੈ ? ਉਤਰ ਪੂਰਬ ਵੱਲ ਪਹਾੜੀ ਰਿਆਸਤਾਂ ਸ਼ਿਮਲਾ ਕੁੱਲੂ ਆਦਿ ਇਲਾਕਿਆਂ ਵਿੱਚ ਪਹਾੜੀ ਬੋਲੀ ਜਾਂਦੀ ਹੈ ਤੇ ਹਰਿਆਣਾਂ ਸੂਬੇ ਵਿੱਚ ਹਰਿਆਣਵੀ ਭਾਸ਼ਾ ਜੋ ਹਿੰਦੀ ਨਾਲ ਸੰਬੰਧਤ ਹੈ ਬੋਲੀ ਜਾਂਦੀ ਹੈ ? ਪਰੰਤੂ ਕਰਨਾਲ ਹਿਸਾਰ ਗੁੜਗਾਵਾਂ ਫਰੀਦਾਬਾਦ ਆਦਿ ਜਿਲ੍ਹਿਆਂ ਵਿੱਚ ਪੰਜਾਬੀ ਵਸੋਂ ਵੀ ਬਹੁਤ ਹੈ ਜਿਸ ਕਰਕੇ ਇਨ੍ਹਾਂ ਜਿਲ੍ਹਿਆਂ ਵਿੱਚ ਵੀ ਪੰਜਾਬੀ ਬੋਲਣ ਦੇ ਨਾਲ-ਨਾਲ ਆਮ ਸਮਝੀ ਜਾਣ ਵਾਲੀ ਭਾਸ਼ਾ ਬੋਲੀ ਜਾਂਦੀ ਹੈ ? ਦਿੱਲੀ ਵਿੱਚ ਲੱਖਾਂ ਦੀ ਤਦਾਦ ਵਿੱਚ ਪੰਜਾਬੀ ਵਸੋਂ ਹੋਣ ਕਰਕੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ ?

ਪੰਜਾਬੀ ਦੇ ਰੂਪਾਂ ਵਿੱਚ ਮੁੱਖ ਤਾਂ ਸਾਧਾਰਣ ਅਤੇ ਆਮ ਬੋਲੀ ਜਾਣ ਵਾਲੀ ਪੰਜਾਬੀ ਹੈ ਜਿਸ ਦੀ ਵਰਤੋਂ ਹੀ ਪੰਜਾਬੀ ਸਾਹਿਤ ਵਿੱਚ ਹੁੰਦੀ ਹੈ ? ਡੋਗਰੀ ਭਾਸ਼ਾ ਵੀ ਪੰਜਾਬੀ ਭਾਸ਼ਾ ਦੇ ਨਾਲ ਨੇੜੇ ਦਾ ਸੰਬੰਧ ਰੱਖਦੀ ਹੈ ? ਮਾਝੀ ਪੰਜਾਬੀ ਭਾਸ਼ਾ ਆਮ ਤੌਰ ਤੇ ਠੇਠ ਪੰਜਾਬੀ ਭਾਸ਼ਾ ਜਾਣੀ ਜਾਂਦੀ ਹੈ ? ਲਹਿੰਦੀ ਭਾਸ਼ਾ ਦਾ ਬਹੁਤ ਜਿਆਦਾ ਪੰਜਾਬੀ ਭਾਸ਼ਾ ਨਾਲ ਮੇਲ ਹੈ ? ਹਿੰਦੀ ਦੇ ਕਈ ਸਾਂਝੇ ਸ਼ਬਦ ਵਾਕ ਪੰਜਾਬੀਆਂ ਵੱਲੋਂ ਸਮਝੇ ਅਤੇ ਵਰਤੇ ਜਰੂਰ ਜਾਂਦੇ ਹਨ ਪਰੰਤੂ ਹਿੰਦੀ ਭਾਸ਼ਾ ਦੀ ਪੰਜਾਬੀ ਭਾਸ਼ਾ ਨਾਲ ਨੇੜਤਾ ਬੋਲਣ ਲਿਖਣ ਵਿੱਚ ਨਹੀਂ ਭਾਸਦੀ ? ਭਾਰਤੀ ਭਾਸ਼ਾਵਾਂ ਵਿੱਚ ਇਕ ਰੂਪਤਾ ਦਿਖਾਈ ਕਈ ਥਾਈਂ ਦਿੰਦੀ ਹੈ ਜਿਸਦੇ ਪੁਰਾਤਨ ਇਤਿਹਾਸ ਤੇ ਪੰਛੀ ਝਾਤ ਮਾਰਨ ਤੇ ਕੁਝ ਸੋਝੀ ਮਿਲੇਗੀ ? ਸਮਾਜ ਦੀ ਵੰਡ ਵੇਦਾਂ ਤੇ ਪੁਰਾਣਾਂ ਦੇ ਅਧਿਐਨ ਤੋਂ ਜਾਣਕਾਰੀ ਹਾਸਿਲ ਹੁੰਦੀ ਹੈ ਬਾਕੀ ਰਾਜਸੀ ਤਬਦੀਲੀ ਦਾ ਭਾਸ਼ਾਵਾਂ ਤੇ ਬਹੁਤ ਭਾਰੀ ਅਸਰ ਪੈਂਦਾ ਹੈ ? ਪੰਜਾਬ ਤੋਂ ਬੰਗਾਲ ਤੱਕ ਮੌਰੀਆ ਰਾਜ ਸਥਾਪਿਤ ਰਿਹਾ ਫੇਰ ਸਕਾਂ ਦੇ ਰਾਜਪੂਤਾਨੇ ਅਤੇ ਹਿੰਦੂਸਤਾਨ ਉਪਰ ਅਧਿਕਾਰ ਸਥਾਪਿਤ ਹੋ ਗਿਆ ? ਕਨਿਸ਼ਕ ਦੇ ਸਰਕਾਰੀ ਸਿੱਕੇ ਬਨਾਰਸ ਤੋਂ ਗਾਜੀਪੁਰ ਤੀਕ ਮਿਲਦੇ ਹਨ ? ਚੌਥੀ ਸਦੀ ਵਿੱਚ ਗੁਪਤਿਆਂ ਦਾ ਰਾਜ ਨਰਬਦਾ ਨਦੀ ਤੱਕ ਫੈਲਿਆਂ ਹੋਇਆ ਸੀ ਜਿਸ ਦੀ ਰਾਜਧਾਨੀ ਪਾਟਲੀਪੁਤਰ ਅਰਥਾਤ ਪਟਨਾ ਸੀ ਅਤੇ ਸਮੁੰਦਰ ਗੁਪਤ ਸਮੇਂ ਇਹ ਰਾਜ ਸਾਰੇ ਹਿੰਦੋਸਤਾਨ ਉਪਰ ਹੋ ਗਿਆ ?

ਇਸ ਤੋਂ ਤਿੰਨ ਸਦੀਆਂ ਉਪਰੰਤ ਕਨੌਜ ਦੇ ਰਾਜਾ ਹਰਸ਼ ਦਾ ਫਿਰ ਇਸ ਇਲਾਕੇ ਤੇ ਰਾਜ ਕਬਜਾ ਹੋ ਗਿਆ ਸੀ ? ਇਸ ਤੋਂ ਉਪਰੰਤ ਮੁਸਲਿਮ ਹਕੂਮਤ ਦਾ ਬੋਲਬਾਲਾ ਵਧਿਆ ਅਤੇ ਮੁਗਲ ਸਮਰਾਟਾਂ ਨੇ ਹੌਲੀ ਹੌਲੀ ਸਾਰੇ ਹਿੰਦੁਸਤਾਨ ਦਾ ਰਾਜ ਸੰਭਾਲ ਲਿਆ ? ਇਸ ਦੇ ਸਿੱਟੇ ਵਜੋਂ ਭਾਰਤ ਦੇਸ਼ ਵਿੱਚ ਉਰਦੂ, ਅਰਬੀ ਫਾਰਸੀ ਭਾਸ਼ਾ ਦਾ ਪ੍ਰਯੋਗ ਵੱਧ ਗਿਆ ? ਉਪਰੋਕਤ ਰਾਜਸੀ ਹਕੂਮਤਾਂ ਬਦਲਣ ਨਾਲ ਭਿੰਨ-ਭਿੰਨ ਭਾਸ਼ਾਵਾਂ ਦੇ ਸ਼ਬਦ ਭੰਡਾਰਾਂ ਦਾ ਆਪਸੀ ਮੇਲ-ਜੋਲ ਵੱਧ ਗਿਆ ਅਰਥਾਤ ਰਲੇਵਾਂ ਵੱਧ ਗਿਆ ? ਸੰਸਕ੍ਰਿਤ ਭਾਸ਼ਾ ਦਾ ਪ੍ਰਭਾਵ ਜਿਆਦਾਤਰ ਦੇਸ਼ ਦੀਆਂ ਬਾਕੀ ਭਾਸ਼ਾਵਾਂ ਤੇ ਪੈਂਦਾ ਰਿਹਾ ? ਇਨ੍ਹਾਂ ਉਪਰੋਕਤ ਕਾਰਣਾ ਤੋਂ ਇਲਾਵਾ ਬੋਧ ਧਰਮ ਤੋਂ ਪਿਛੋਂ ਬ੍ਰਾਹਮਣੀ ਧਰਮ ਵਿੱਚ ਵਾਧਾ ਹੋਣ ਕਾਰਣ ਸੰਸਕ੍ਰਿਤ ਦਾ ਜਿਆਦਾ ਮਾਣ ਵੱਧ ਗਿਆ ? ਵੱਖ-ਵੱਖ ਇਲਾਕਿਆਂ ਤੋਂ ਰਾਸਧਾਰੀਆਂ ਯਾਤਰੀਆਂ, ਵਿਉਪਾਰੀਆਂ, ਸੈਨਿਕਾਂ, ਸੰਤਾਂ, ਸਾਧੂਆਂ ਦੇ ਸਾਰੇ ਮੁਲਕ ਵਿੱਚ ਭਰਮਣ ਵੱਧਣ ਨਾਲ ਮੱਧ ਯੁੱਗ ਵਿੱਚ ਕਈ ਭਾਸ਼ਾਵਾਂ ਦੇ ਮੇਲ ਨਾਲ ਸਾਂਝੀ ਖਿਚੜੀ ਤਰ੍ਹਾਂ ਦੀ ਇਕ ਲੋਕ ਭਾਸ਼ਾ ਪ੍ਰਗਟ ਹੋਈ ? ਲਹਿੰਦੀ ਅਤੇ ਪੰਜਾਬੀ ਭਾਸ਼ਾ ਦਾ ਮੇਲ ਨੇੜਲਾ ਜਿਆਦਾ ਲਗਦਾ ਹੈ ? ਪੰਜਾਬੀ ਤੇ ਲਹਿੰਦੀ ਬੋਲੀ ਦੇ ਨਾਂਵ ਰੂਪ ਜਿਆਦਾ ਮਿਲਦੇ-ਜੁਲਦੇ ਹਨ ਅਤੇ ਪੁਰਖਵਾਚਕ ਪੜਨਾਵਾਂ ਦਾ ਮੇਲ ਵੀ ਵਧੇਰੇ ਨੇੜਤਾ ਭਰਿਆ ਹੈ ? ਵਿਸ਼ੇ ਸ਼ਣ ਮੇਲ ਵੀ ਹਿੰਦੀ ਨਾਲੋਂ ਜਿਆਦਾ ਮਿਲਦਾ ਹੈ ? ਕ੍ਰਿਆ ਦੇ ਰੂਪ ਪੰਜਾਬੀ ਤੇ ਲਹਿਦੀ ਬੋਲੀ ਦੇ ਵਧੇਰੇ ਨੇੜੇ ਹਨ ? ਸ੍ਰੀ ਆਦਿ ਗ੍ਰੰਥ ਦੀ ਸੋਲ੍ਹਵੀਂ ਸਦੀ ਵਿੱਚ ਸਥਾਪਨਾ ਹੋਈ ? ਇਸ ਵਿੱਚ ਬਹੁਤਾ ਭਾਗ ਸਿੱਖ ਗੁਰੂ ਸਾਹਿਬਾਨਾਂ ਦੇ ਨਾਲ ਸੰਬੰਧਤ ਹੈ ਪਰੰਤੂ ਹੋਰਨਾਂ ਪ੍ਰਾਂਤਾਂ ਨਾਲ ਸੰਬੰਧਤ ਭਗਤਾਂ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਵੀ ਸ਼ਾਮਿਲ ਹੋਣ ਕਰਕੇ ਇਹ ਸਰਵ ਸਾਂਝਾ ਗ੍ਰੰਥ ਮੰਨਿਆ ਜਾਂਦਾ ਹੈ ? ਇਸ ਦੀ ਮੁੱਖ ਤੌਰ ਤੇ ਲਿਪੀ ਗੁਰਮੁੱਖੀ ਹੈ ? ਇਸ ਦਾ ਕੁਝ ਭਾਗ ਪੁਰਾਤਨ ਪੰਜਾਬੀ ਤੇ ਕੁਝ ਭਾਗ ਪੁਰਾਤਨ ਹਿੰਦੀ ਵਿੱਚ ਹੈ ? ਉਸ ਸਮੇਂ ਭਾਰਤ ਦੇ ਸਾਰੇ ਅਧਿਆਤਮਿਕ ਆਗੂ ਧਰਮ ਦਾ ਪ੍ਰਚਾਰ ਆਮ ਲੋਕਾਂ ਨੂੰ ਸਮਝ ਆਉਣ ਵਾਲੀ ਲੋਕ ਬੋਲੀ ਵਿੱਚ ਹੀ ਕਰਦੇ ਸਨ ? ਇਹ ਸਾਧ ਭਾਸ਼ਾ ਪੰਜਾਬੀ ਹਿੰਦੀ ਭਾਸ਼ਾ ਅਤੇ ਬ੍ਰਜ ਭਾਸ਼ਾ ਦਾ ਇਕ ਸੰਗਮ ਅਰਥਾਤ ਖਿਚੜੀ ਹੈ ? ਗੁਰਬਾਣੀ ਵਿੱਚ ਵਰਤੀ ਹਿੰਦੀ ਭਾਸ਼ਾ ਉਪਰ ਕਿਤੇ ਕਿਤੇ ਪੰਜਾਬੀ ਸ਼ਬਦ ਭਾਰੂ ਲੱਗਦੇ ਹਨ ? ਅਰਥਾਤ ਹਿੰਦੀ ਪੰਜਾਬੀ ਸ਼ਬਦ ਰੂਪ ਤੌਰ ਤੇ, ਮਿਲੇ ਲਗਦੇ ਹਨ ?

ਇਸ ਤਰ੍ਹਾਂ ਨਾਲ ਪੰਜਾਬ ਦੀ ਹਕੂਮਤਾਂ ਬਦਲਦੀਆਂ ਰਹੀਆਂ ? ਪੰਜਾਬ ਲਗਭਗ ਸੱਤ ਸੌ ਸਾਲ ਤੱਕ ਮੁਗਲਾਂ ਦੇ ਰਾਜ ਅਧੀਨ ਰਿਹਾ ? ਮੁਗਲਾਂ ਦੇ ਕਮਜੋਰ ਹੋਣ ਉਪਰੰਤ ਅਹਿਮਦ ਸ਼ਾਹ ਅਬਦਾਲੀ ਤੇ ਸਿੱਖ ਮੱਤ ਨਾਲ ਸਬੰਧਤ ਲੋਕਾਂ ਦਾ ਪੰਜਾਬ ਤੇ ਰਾਜ ਸਥਾਪਿਤ ਕਰਨ ਦਾ ਪੂਰਾ ਯਤਨ ਜਾਰੀ ਰਿਹਾ ? ਸੰਨ 1799 ਈ. ਤੋਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਖਾਲਸਾ ਰਾਜ ਪੰਜਾਬ ਵਿੱਚ ਸਥਾਪਿਤ ਹੋਇਆ ਜਿਸਦੀ ਰਾਜਧਾਨੀ ਲਾਹੌਰ ਸੀ ਅਤੇ ਅਫਗਾਨਿਸਤਾਨ ਤੇ ਕਸ਼ਮੀਰ ਆਦਿ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋ ਗਿਆ ਸੀ ? ਸੰਨ 1849 ਈ. ਵਿੱਚ ਪੰਜਾਬ ਤੇ ਕੁਝ ਸਿਆਸੀ ਕਾਰਨਾਂ ਕਰਕੇ ਅੰਗਰੇਜਾਂ ਦਾ ਰਾਜ ਸਥਾਪਿਤ ਹੋ ਗਿਆ ? ਬੜੇ ਲੰਬੇ ਸਮੇਂ ਤੱਕ ਲਗਭਗ ਦੋ ਸਦੀਆਂ ਦੀ ਗੁਲਾਮੀ ਉਪਰੰਤ ਸੰਨ 1947 ਵਿੱਚ ਭਾਰਤ ਸਵਤੰਤਰ ਹੋਣ ਬਾਅਦ ਪੰਜਾਬ ਪ੍ਰਾਂਤ ਵਿੱਚ ਲੋਕ ਰਾਜ ਸਥਾਪਿਤ ਹੋ ਗਿਆ ? ਪਰੰਤੂ ਇਸ ਵਿਸ਼ਾਲ ਪੰਜਾਬ ਦੇ ਦੋ ਹਿੱਸੇ ਹੋ ਗਏ ? ਇੱਕ ਵੱਡਾ ਹਿੱਸਾ ਪਾਕਿਸਤਾਨ ਵਿੱਚ ਸ਼ਾਮਿਲ ਕਰ ਦਿੱਤਾ ਗਿਆ ? ਉਧਰਲੇ ਪੰਜਾਬ ਨੂੰ ਪੱਛਮੀ ਪੰਜਾਬ ਪੁਕਾਰਿਆ ਜਾਣ ਲੱਗਾ ? ਇਧਰਲੇ ਪੰਜਾਬ ਨੂੰ ਪੂਰਬੀ ਪੰਜਾਬ ਪੁਕਾਰਿਆ ਜਾਣ ਲੱਗਿਆ ? ਇੱਧਰੋਂ-ਉਧਰੋਂ ਬੜੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਜਬਰਨ ਜਾਣਾ ਪਿਆ ਅਤੇ ਜ਼ਿਆਦਾਤਰ ਪੰਜਾਬੀ ਅਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ? ਕਈ ਸਾਲਾਂ ਤੱਕ ਇਨ੍ਹਾਂ ਜਖਮਾਂ ਦੀ ਪੀੜ ਦੋਵੇਂ ਪਾਸੇ ਪੰਜਾਬੀਆਂ ਨੂੰ ਸਹਿਣੀ ਪਈ ? ਇਸ ਤਰ੍ਹਾਂ ਨਾਲ ਲਹਿੰਦੀ ਤੇ ਪੂਰਬੀ ਪੰਜਾਬੀ ਬੋਲਣ ਵਾਲੇ ਲੋਕਾਂ ਨੂੰ ਨਵੇਂ ਇਲਾਕਿਆਂ ਵਿੱਚ ਪੁੰਨਰ ਸਥਾਪਿਤ ਹੋਣ ਲਈ ਬੜਾ ਲੰਮਾ ਸਮਾਂ ਲੱਗ ਗਿਆ ਤੇ ਸਰਕਾਰੀ ਪਾਲਿਸੀਆਂ ਕਰਕੇ ਦੋਨੋਂ ਪੰਜਾਬੀ ਤਬਕਿਆਂ ਵਿੱਚ ਭਾਰੀ ਦੂਰੀ ਪੈਦਾ ਕਰ ਦਿੱਤੀ ਗਈ ? ਨਵੀਂ ਰਾਸ਼ਟਰ ਭਾਸ਼ਾ ਹਿੰਦੀ ਦਾ ਪ੍ਰਭਾਵ ਪੰਜਾਬੀ ਭਾਸ਼ਾ ਨੂੰ ਲੰਬੇ ਸਮੇਂ ਤੱਕ ਝੇਲਣਾ ਪਿਆ ? ਹੁਣ ਪੰਜਾਬੀ ਭਾਸ਼ਾ ਦੇ ਦਰਦੀਆਂ ਵਿੱਚ ਭਾਰੀ ਜਾਗ੍ਰਿਤੀ ਪੈਦਾ ਹੋ ਗਈ ਹੈ ? ਪੰਜਾਬੀ ਸਾਹਿਤ ਵਿੱਚ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਬਹੁਤ ਭਾਰੀ ਤਬਦੀਲੀ ਨਜਰ ਪੈ ਰਹੀ ਹੈ ? ਹਿੰਦੁਸਤਾਨ ਵਿੱਚ ਹੀ ਨਹੀਂ ਦੁਨੀਆਂ ਦੇ ਕਈ ਮੁਲਕਾਂ ਵਿੱਚ ਪੰਜਾਬੀ ਭਾਸ਼ਾ ਪ੍ਰੇਮੀਆਂ ਜੋ ਕਰੋੜਾਂ ਦੀ ਗਿਣਤੀ ਵਿੱਚ ਹਨ, ਉਹ ਸਭ ਆਪਣੇ-ਆਪਣੇ ਪੱਧਰ ਤੇ ਪੰਜਾਬੀ ਦੇ ਵਿਕਾਸ ਪ੍ਰਸਾਰ ਅਤੇ ਵਿਸਤਾਰ ਲਈ ਸਰਗਰਮ ਹਨ ?

**ਇੰਦਰਜੀਤ ਸਿੰਘ ਜੋਧਕਾ**




# ਪੰਜਾਬੀ ਭਾਸ਼ਾ ਦੀ ਸਥਿਤੀ ਤੇ ਸੰਭਾਵਨਾਵਾਂ





-ਡਾ. ਆਤਮਾ ਸਿੰਘ ਗਿੱਲ
ਫੋਨ- 9878883680

ਪੰਜਾਬ ਵਿਚ ਇਸ ਵੇਲੇ ਪੰਜਾਬੀ ਭਾਸ਼ਾ ਦੀ ਸਥਿਤੀ ਬਹੁਤੀ ਨਿਰਾਸ਼ਾਜਨਕ ਨਹੀਂ ਹੈ ਫਿਰ ਵੀ ਪੰਜਾਬੀ ਦੇ ਅਲੰਬਰਦਾਰ ਆਪਣੀ ਯੁਵਾ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਸਿਖਾਉਣ ਨੂੰ ਤਰਜੀਹ ਨਹੀਂ ਦਿੰਦੇ। ਇਸਦਾ ਕਾਰਨ ਸ਼ਾਇਦ ਪੰਜਾਬੀ ਭਾਸ਼ਾ ਦਾ ਕਿੱਤਾਮੁੱਖੀ ਨਾ ਹੋਣਾ ਹੈ। ਸਥਿਤੀ ਇਹ ਹੈ ਕਿ ਅਤਿ-ਆਧੁਨਿਕ ਸਾਧਨ ਵਿਕਸਿਤ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਿਸ ਵਿਚ ਫੌਂਟ, ਸ਼ਬਦ-ਜੋੜ ਆਦਿ ਅੱਜ ਤੱਕ ਵਿਦਵਾਨਾਂ ਲਈ ਚੁਣੌਤੀ ਬਣੇ ਹੋਏ ਹਨ।

ਪੰਜਾਬੀ ਭਾਸ਼ਾ ਦੇ ਦੁਖਾਂਤ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਤੇ ਪੰਜਾਬੀ ਅਧਿਆਪਨ ਵਿਚ ਕਦੀ ਵੀ ਸਰਕਾਰ ਨੇ ਦਿਲਚਸਪੀ ਨਹੀਂ ਲਈ। ਪੰਜਾਬੀ ਭਾਸ਼ਾ ਦੀਆਂ ਸੇਵਾਦਾਰ ਕੁਝ ਸੰਸਥਾਵਾਂ ਇਸਦੇ ਵਿਕਾਸ ਲਈ ਤੱਤਪਰ ਤਾਂ ਹਨ ਪਰ ਸਰਕਾਰੀ ਗਰਾਂਟਾਂ 'ਤੇ ਨਿਰਭਰ ਹੋਣ ਕਰਕੇ ਅਤੇ ਫੰਡਾਂ ਦੀ ਘਾਟ ਕਾਰਨ ਬਹੁਤਾ ਕੁਝ ਕਰਨ ਤੋਂ ਅਸਮਰੱਥ ਹਨ। ਪੰਜਾਬੀ ਭਾਸ਼ਾ ਲਈ ਚੱਲੀਆਂ ਲਹਿਰਾਂ ਵੀ ਨਿਰੋਲ ਸਿਆਸੀ ਸਨ। ਪੰਜਾਬੀਆਂ ਦੀ ਵਿਡੰਬਨਾ ਹੈ ਕਿ ਦੂਜੇ ਬੁਲਾਰਿਆਂ ਦੇ ਮੁਕਾਬਲੇ ਇਹ ਭਾਸ਼ਾ ਨੂੰ ਬੜੀ ਜਲਦੀ ਤਿਆਗਦੇ ਹਨ। ਇਮਾਰਤਾਂ ਦੇ ਲੈਂਟਰ ਕਿੰਨੇ ਵੀ ਮਜ਼ਬੂਤ ਹੋਣ ਜਾਂ ਬਾਹਰੀ ਲਿਸ਼ਕ-ਪੁਸ਼ਕ ਬਾਕਮਾਲ ਹੋਵੇ ਪਰ ਨੀਹਾਂ ਕਮਜ਼ੋਰ ਹੋਣ 'ਤੇ ਉਸਦੀ ਮਿਆਦ ਬਹੁਤੀ ਲੰਮੀ ਨਹੀਂ ਹੋ ਸਕਦੀ। ਬਿਲਕੁਲ ਅਜਿਹੀ ਸਥਿਤੀ ਪੰਜਾਬੀ ਭਾਸ਼ਾ ਦੀ ਹੈ। ਸਰਕਾਰੀ ਸਕੂਲਾਂ ਨੂੰ ਛੱਡ ਕੇ ਲਗਭਗ ਸਾਰੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਪੰਜਵੇਂ ਸਾਲ ਸ਼ੁਰੂ ਹੁੰਦੀ ਹੈ। ਸਰਕਾਰੀ ਸਕੂਲਾਂ ਵਿਚ ਉਹ ਤਬਕਾ ਪੜ੍ਹਦਾ ਹੈ ਜਿਨ੍ਹਾਂ ਲਈ ਰੋਜ਼ਗਾਰ ਪਹਿਲੇ ਸਥਾਨ ਤੇ ਹੈ ਅਤੇ ਭਾਸ਼ਾ ਦਾ ਦਰਜਾ ਬਾਅਦ ਵਿਚ ਆਉਂਦਾ ਹੈ। ਇਸੇ ਲਈ ਇਸ ਵਰਗ ਵੱਲੋਂ ਪੰਜਾਬੀ ਦੇ ਵਿਕਾਸ ਲਈ ਕੋਈ ਯੋਗਦਾਨ ਨਹੀਂ ਪਾਇਆ ਜਾਂਦਾ। ਇਥੋਂ ਤੱਕ ਕਿ ਭਾਸ਼ਾ ਸਿਖਾਂਦਰੂ ਵੀ ਲੋੜ ਮੁਤਾਬਕ ਪੰਜਾਬੀ ਭਾਸ਼ਾ ਦਾ ਆਦਾਨ ਪ੍ਰਦਾਨ ਕਰਦੇ ਹਨ। ਇਥੇ ਤਾਂ ਅਸੀਂ ਆਪ ਹੀ ਪੰਜਾਬੀ ਪੜ੍ਹਨ, ਲਿਖਣ, ਬੋਲਣ ਤੇ ਵਰਤਣ ਤੋਂ ਉਪਰਾਮ ਹੋਏ ਪਏ ਹਾਂ। ਇਸ ਵੇਲੇ 'ਮਨ ਪਰਦੇਸੀ ਜੇ ਥੀਆ ਸਭ ਦੇਸ ਪਰਾਇਆ' ਵਰਗੀ ਹਾਲਤ ਹੋ ਗਈ ਹੈ ਜਦੋਂ ਅਸੀਂ ਆਪਣੇ ਘਰਾਂ ਵਿਚ ਹੀ ਆਪਣੀ ਭਾਸ਼ਾ ਤੋਂ ਬੇਮੁੱਖ ਹੋ ਗਏ ਹਾਂ। ਇਸੇ ਕਰਕੇ ਪੰਜਾਬੀ ਭਾਸ਼ਾ ਨੂੰ ਪਰਵਾਸੀ ਰੁਤਬਾ ਦਿੱਤਾ ਜਾ ਸਕਦਾ ਹੈ।

ਪੰਜਾਬੀ ਲੋਕ ਤਾਂ ਬੜੇ ਹਿੰਮਤੀ ਹਨ, ਜੋ ਸੱਤ ਸਮੁੰਦਰਾਂ ਤੋਂ ਪਾਰ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿਚ ਪਸਰੇ ਹੋਏ ਹਨ ਅਤੇ ਅੰਗਰੇਜ਼ੀ ਜਾਂ ਹੋਰਨਾਂ ਭਾਸ਼ਾਵਾਂ ਦਾ ਸ਼ੁੱਧ ਉਚਾਰਨ ਕਰਦੇ ਹਨ।1 ਵਿਸ਼ਵ ਦੇ 120 ਦੇ ਲਗਭਗ ਦੇਸ਼ਾਂ ਵਿਚ ਪੰਜਾਬੀ ਬੋਲੀ ਜਾਂਦੀ ਹੈ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਏਸ਼ੀਆ ਦੇ ਸਿੰਘਾਪੁਰ, ਹਾਂਗਕਾਂਗ, ਮਲੇਸ਼ੀਆ, ਥਾਈਲੈਂਡ, ਫਿਲਪਾਈਨ, ਯੂਰਪ ਦੇ ਇੰਗਲੈਂਡ, ਜਰਮਨੀ, ਇਟਲੀ, ਹਾਲੈਂਡ, ਪੋਲੈਂਡ, ਸਵਿਟਜਰਲੈਂਡ, ਗਰੀਨਲੈਂਡ, ਆਈਸਲੈਂਡ, ਫਿਨਲੈਂਡ, ਅਫਰੀਕਾ ਦੇ ਕੀਨੀਆ, ਯੁਗੰਡਾ, ਅਰਬ ਦੇ ਦੁਬਈ ਆਬੂਧਾਬੀ, ਕਤਰ, ਮਸਕਟ ਅਤੇ ਅਮਰੀਕਾ, ਕਨੇਡਾ, ਫਿਜ਼ੀ, ਆਸਟਰੇਲੀਆ, ਨਿਊਜ਼ੀਲੈਂਡ, ਕੀਨੀਆ ਆਦਿ ਦੇਸ਼ਾਂ ਵਿਚ ਪੰਜਾਬੀ ਬੋਲੀ ਜਾਂਦੀ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਤੇ ਭਾਰਤ ਤੋਂ ਇਲਾਵਾ ਇਕ ਅਨੁਮਾਨ ਅਨੁਸਾਰ ਲਗਭਗ ਪੰਜਾਹ ਦੇਸ਼ਾਂ ਵਿਚ ਪੰਜ ਸੌ ਦੇ ਲਗਭਗ ਸਾਹਿਤਕਾਰ ਪੰਜਾਬੀ ਸਾਹਿਤ ਦੀ ਸਿਰਜਣਾ ਕਰ ਰਹੇ ਹਨ।2 ਇਸਦੇ ਬਾਵਜੂਦ ਵੀ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਹਾਲਤ ਤਰਸਯੋਗ ਹੈ। ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ ਵੀਹਵੀਂ ਸਦੀ ਭਾਸ਼ਾ ਵਿਗਿਆਨ ਦੇ ਇਤਿਹਾਸ ਦਾ ਸੁਨਹਿਰੀ ਯੁੱਗ ਹੈ।3 ਵਾਸਤਵ ਵਿਚ ਭਾਸ਼ਾ ਦੀ ਹੋਂਦ ਵਿਗਿਆਨਕ ਅਧਿਐਨ 'ਤੇ ਹੀ ਆਧਾਰਿਤ ਨਹੀਂ ਸਗੋਂ ਇਸਦੇ ਬੋਲਾਰਿਆਂ ਦੁਆਰਾ ਨਿਰਧਾਰਿਤ ਹੁੰਦੀ ਹੈ। ਡਾ. ਸਿੱਧੂ ਨੇ ਭਾਸ਼ਾ-ਵਿਗਿਆਨ ਦਾ ਮੁਲਾਂਕਣ ਕੀਤਾ ਹੈ ਨਾ ਕਿ ਪੰਜਾਬੀ ਭਾਸ਼ਾ ਦਾ, ਇਸ ਕਰਕੇ ਉਹਨਾਂ ਦੀ ਟਿੱਪਣੀ ਨੂੰ ਨਿਰਾਰਥਕ ਨਹੀਂ ਕਿਹਾ ਜਾ ਸਕਦਾ। ਭਾਸ਼ਾ ਦਾ ਵਿਗਿਆਨ ਅਧਿਐਨ ਬਹੁਤ ਕਠਿਨ ਕਾਰਜ ਹੈ ਜਿਸ ਵਿਚ ਭਾਸ਼ਾ ਦਾ ਸਿਧਾਂਤਕ ਤੇ ਵਿਆਕਰਨਿਕ ਅਧਿਐਨ ਕੀਤਾ ਜਾਂਦਾ ਹੈ ਪਰ ਵਿਹਾਰਕ ਪੱਧਰ ਤੇ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਸਥਾਨਕ ਸਰਕਾਰਾਂ ਤੇ ਸੰਸਥਾਵਾਂ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।

ਪੰਜਾਬੀ ਭਾਸ਼ਾ ਦੇ ਬੁਲਾਰੇ ਭਾਵੇਂ ਵੱਡੀ ਮਾਤਰਾ ਵਿਚ ਵਿਦੇਸ਼ਾਂ ਵਿਚ ਵੀ ਫੈਲੇ ਹੋਏ ਹਨ ਪਰ ਪੰਜਾਬ ਵਿਚ ਪੰਜਾਬੀ ਦੀਆਂ ਜੜ੍ਹਾਂ ਅਸੀਂ ਖੁਦ ਵੱਢ ਰਹੇ ਹਾਂ। ਸ਼ਾਇਦ ਵਿਸ਼ਵੀਕਰਨ ਦਾ ਪ੍ਰਭਾਵ ਹੈ ਜਾਂ ਪੰਜਾਬੀਆਂ ਦੀ ਮਾਨਸਿਕਤਾ ਹੀ ਭਾਸ਼ਾ-ਵਿਸਾਰੂ ਹੈ ਅਸੀਂ ਸਮੁੱਚੇ ਵਰਤਾਰਿਆਂ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਦੇਸਣ ਕੀਤਾ ਹੋਇਆ ਹੈ।

ਪੰਜਾਬੀਆਂ ਦੇ ਨਾਮਕਰਣ ਦੀ ਗੱਲ ਕਰੀਏ ਤਾਂ ਅਸੀਂ ਆਪਣੇ ਬੱਚਿਆਂ ਦੇ ਨਾਮ ਗ਼ੈਰ ਪੰਜਾਬੀ ਰੱਖ ਕੇ ਜ਼ਿਆਦਾ ਪ੍ਰਸੰਨਤਾ ਮਹਿਸੂਸ ਕਰਦੇ ਹਾਂ। ਜਰਮਨ, ਲਵ, ਪ੍ਰਿੰਸ, ਨੇਚਰਪ੍ਰੀਤ, ਸਵੀਟੀ, ਰੋਮਾ, ਜੋਆਏ, ਪੀਟਰ, ਹੀਰੋ, ਜੌਹਨ, ਮੈਕ, ਵਿਲਫ੍ਰੈਡ, ਵਿਲੀਅਮ, ਰੋਜ਼, ਸੈਮ, ਲੱਕੀ, ਗ੍ਰੈਸੀ, ਏਂਜਲ, ਡੇਜ਼ੀ, ਲਵਲੀ ਆਦਿ ਵਿਦੇਸ਼ੀ ਨਾਮ ਸਾਨੂੰ ਚੰਗੇ ਲੱਗਦੇ ਹਨ। ਇਥੋਂ ਤੱਕ ਕਿ ਅਸੀਂ ਪਾਲਤੂ ਕੁੱਤਿਆਂ ਦੇ ਨਾਮ ਵੀ ਡੱਬੂ ਤੇ ਭੋਲੂ ਨੂੰ ਛੱਡ ਕੇ ਵਲੈਤੀ ਨਾਮ ਟਾਈਗਰ, ਟੌਮੀ, ਸਾਈਬਰ, ਹਿਪੋ, ਆਲਡੋ, ਸੀਜ਼ਰ, ਟ੍ਰੋਏ, ਰੌਕਸੀ, ਆਸਕਰ, ਰੌਕੀ, ਲੂਸੀ, ਜੈਕੀ, ਟੈਬੀ, ਹਾਰਲੇ, ਲਿਲੀ ਆਦਿ ਰੱਖਣ ਵਿਚ ਯਕੀਨ ਰੱਖਦੇ ਹਾਂ।

ਪੰਜਾਬੀ ਆਪਣੇ ਅਨਮੋਲ ਰਿਸ਼ਤੇ ਮਾਂ, ਪਿਉ, ਭਰਾ, ਭੈਣ, ਚਾਚਾ, ਚਾਚੀ, ਤਾਇਆ, ਤਾਈ, ਭੂਆ, ਫੁੱਫੜ, ਦਾਦਾ, ਦਾਦੀ, ਨਾਨਾ, ਨਾਨੀ, ਮਾਮਾ, ਮਾਮੀ, ਮਾਸੀ, ਮਾਸੜ, ਭਤੀਜਾ, ਭਤੀਜੀ, ਭਣੇਵਾਂ, ਭਣੇਵੀਂ, ਸੱਸ, ਸਹੁਰਾ, ਪਤਿਆਉਰਾ, ਪਤੀਸ, ਦਦੇਸ ਆਦਿ ਰਿਸ਼ਤਿਆਂ ਨੂੰ ਵਿਸਾਰ ਕੇ ਮੌਮ, ਡੈਡ, ਬ੍ਰਦਰ, ਸਿਸਟਰ, ਕਜ਼ਨ, ਆਂਟੀ, ਅੰਕਲ, ਬ੍ਰਦਰ ਇਨ ਲਾਅ, ਸਿਸਟਰ ਇਨ ਲਾਅ, ਫਾਦਰ ਇਨ ਲਾਅ, ਮਦਰ ਇਨ ਲਾਅ ਆਦਿ ਵਲੈਤੀ ਸ਼ਬਦਾਂ ਨਾਲ ਆਪਣੇ ਆਪ ਨੂੰ ਇੰਟਰੋਡਿਊਸ ਕਰਾਉਂਦੇ ਹਨ। ਸਾਡੇ ਲਈ ਤਾਂ ਜਾਣ-ਪਛਾਣ ਸ਼ਬਦ ਵੀ ਹੀਣ ਭਾਵਨਾ ਵਾਲਾ ਹੈ, ਇਸੇ ਕਰਕੇ ਅਸੀਂ ਸਮਾਗਮ ਲਈ ਸੱਦਾ ਪੱਤਰ ਨਹੀਂ ਸਗੋਂ ਫੰਕਸ਼ਨ ਲਈ ਇਨਵੀਟੇਸ਼ਨ ਦਿੰਦੇ ਹਾਂ। ਸਾਡੇ ਲਈ ਤੋਹਫੇ ਗਿਫਟ ਬਣ ਗਏ ਤੇ ਜਸ਼ਨ ਪਾਰਟੀਜ਼ ਹੋ ਗਏ।

ਪੰਜਾਬੀ ਭਾਸ਼ਾ ਨੂੰ ਅੱਖੋਂ ਪਰੋਖੇ ਕਰਨਾ ਸੁਭਾਵਿਕ ਹੈ ਜਦੋਂ ਅਸੀਂ ਆਪਣੇ ਵਿਰਾਸਤੀ ਤਿਉਹਾਰ ਤਿਆਗ ਕੇ ਵਿਦੇਸ਼ੀ ਫੈਸਟੀਵਲ ਮਨਾਉਣ ਵਿਚ ਖੁਸ਼ੀ ਮਹਿਸੂਸ ਕਰਦੇ ਹਾਂ। ਕ੍ਰਿਸਮਿਸ, ਵੈਲੇਨਟਾਈਨ, ਨਿਊ ਯੀਅਰ ਆਦਿ ਮਿਸਾਲਾਂ ਲਈਆਂ ਜਾ ਸਕਦੀਆਂ ਹਨ, ਜਿਨ੍ਹਾਂ ਨਾਲ ਜੁੜੀ ਸ਼ਬਦਾਵਲੀ ਤੇ ਸਭਿਆਚਾਰ ਪੂਰਨ ਰੂਪ ਵਿਚ ਗ਼ੈਰ ਪੰਜਾਬੀ ਹੈ। ਬੇਸ਼ੱਕ ਪੰਜਾਬੀ ਭਾਸ਼ਾ ਅਮੀਰ ਵਿਰਸੇ ਨੂੰ ਸਮੋਈ ਬੈਠੀ ਹੈ ਪਰ ਭਵਿੱਖ ਵਿਚ ਇਸਦੇ ਵਰਤਾਰੇ ਕੇਵਲ ਸਾਂਭਣਯੋਗ ਤੱਥ ਬਣ ਕੇ ਰਹਿ ਜਾਣ ਦੀ ਪੂਰੀ ਸੰਭਾਵਨਾ ਹੈ, ਕਿਉਂਕਿ ਨਵੀਂ ਪਨੀਰੀ ਨੂੰ ਅਸੀਂ ਆਪ ਪੰਜਾਬੀ ਤੋਂ ਦੂਰ ਕਰ ਰਹੇ ਹਾਂ। ਗੁਰੂਆਂ, ਭਗਤਾਂ, ਸੂਫ਼ੀਆਂ, ਕਿੱਸਾਕਾਰਾਂ, ਸਾਹਿਤਕਾਰਾਂ ਆਦਿ ਦੀਆਂ ਅਨਮੋਲ ਰਚਨਾਵਾਂ ਕੇਵਲ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਜਾਣਗੀਆਂ ਕਿਉਂਕਿ ਅੰਗਰੇਜ਼ੀ ਸਕੂਲਾਂ ਦੇ ਪੜ੍ਹੇ ਵਿਦਿਆਰਥੀ ਜਪੁਜੀ ਸਾਹਿਬ ਦਾ ਪਾਠ ਤੱਕ ਨਹੀਂ ਕਰ ਸਕਦੇ। ਭਾਵੇਂ ਸਰਕਾਰਾਂ ਵੱਲੋਂ ਪਹਿਲੀ ਸ਼੍ਰੇਣੀ ਤੋਂ ਪੰਜਾਬੀ ਪੜ੍ਹਾਉਣ ਦੇ ਆਦੇਸ਼ ਹਨ ਪਰ ਪ੍ਰਾਈਵੇਟ ਸਕੂਲਾਂ ਵੱਲੋਂ ਸਰਕਾਰ ਦੇ ਅੱਖੀਂ ਘੱਟਾ ਪਾ ਕੇ ਬੱਚਿਆਂ ਨੂੰ ਪੰਜਵੇਂ ਸਾਲ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ। ਪ੍ਰੀ ਨਰਸਰੀ, ਨਰਸਰੀ, ਐੱਲ. ਕੇ. ਜੀ., ਯੂ. ਕੇ. ਜੀ. ਤੋਂ ਬਾਅਦ ਫਸਟ ਕਲਾਸ ਵਿਚ ਪੰਜਾਬੀ ਸ਼ੁਰੂ ਹੁੰਦੀ ਹੈ। ਆਪਣੇ ਵੱਲੋਂ ਸੱਚੇ ਹੋਣ ਲਈ ਉਹ ਕਹਿ ਸਕਦੇ ਨੇ ਕਿ ਪੰਜਾਬੀ ਪਹਿਲੀ ਕਲਾਸ ਤੋਂ ਸ਼ੁਰੂ ਕੀਤੀ ਹੈ ਭਾਵੇਂ ਕਿ ਉਦੋਂ ਤੱਕ ਬੱਚੇ ਚੰਗੀ ਤਰ੍ਹਾਂ ਅੰਗਰੇਜ਼ੀ ਤੇ ਹਿੰਦੀ ਪੜ੍ਹਨਾ ਲਿਖਣਾ ਸਿੱਖ ਚੁੱਕੇ ਹੁੰਦੇ ਹਨ। ਕੁਝ ਇਕ ਸੰਸਥਾਵਾਂ ਨੂੰ ਛੱਡ ਕੇ ਪੰਜਾਬ ਵਿਚ ਪੜ੍ਹਨ ਪੜ੍ਹਾਉਣ ਵਾਲਿਆਂ ਦੀ ਮਾਨਸਿਕਤਾ ਗ਼ੈਰ-ਭਾਸ਼ਾਈ ਹੈ ਇਸੇ ਕਰਕੇ ਸਾਡੇ ਸਕੂਲਾਂ ਦੇ ਨਾਮ ਅੰਗਰੇਜ਼ੀ ਹਨ ਜਿਵੇਂ ਰੋਜ਼ ਬਡਜ਼, ਸੇਕਰਟ ਹਾਰਟ, ਹੋਲੀ ਹਾਰਟ, ਸਪਰਿੰਗ ਡੇਲ, ਜੂਨੀਅਰ ਸਟੱਡੀ, ਸੀਨੀਅਰ ਸਟੱਡੀ, ਬ੍ਰਾਈਟ ਵੇਅ, ਲਿਟਲ ਫਲਾਵਰ, ਕੈਂਬਰੇਜ, ਲੇਕ ਹੈੱਡ, ਸੇਂਟ ਪੀਟਰ, ਕਿੱਡਜ਼ੀ, ਮਿਲੇਨੀਅਮ, ਲਿਟਲ ਏਂਜਲ, ਹਾਰਵਡ ਲੇਨ, ਮਾਊਂਟਬੈਟਨ, ਲਾ ਫਾਊਂਡੇਸ਼ਨ, ਈਸਟ ਵੁੱਡ ਇੰਟਰਨੈਸ਼ਨਲ ਆਦਿ। ਵਿਡੰਬਨਾ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਵਾਲੇ 'ਸੰਤ ਸਿਪਾਹੀ' ਸਕੂਲ ਦਾ ਨਾਮ 'ਸੇਂਟ ਸੋਲਜਰ' ਰੱਖ ਦਿੱਤਾ ਗਿਆ।

ਪੰਜਾਬੀ ਮਾਨਸਿਕਤਾ ਦੇ ਹੋਰ ਨਮੂਨੇ ਵੇਖਣੇ ਹੋਣ ਤਾਂ ਇਹਨਾਂ ਦੇ ਘਰਾਂ, ਮਹੱਲਿਆਂ, ਦੁਕਾਨਾਂ, ਗਲੀਆਂ ਤੇ ਸੜਕਾਂ ਦੇ ਨਾਮ ਹੀ ਦੇਖ ਲਉ ਜਿਵੇਂ ਕਲੋਨੀਆਂ ਗ੍ਰੀਨ ਵੈਲੀ, ਗ੍ਰੀਨ ਐਵਿਨਿਊ, ਸਿਲਵਰ ਇਸਟੇਟ, ਹੋਲੀ ਸਿਟੀ, ਡੀ.ਆਰ.ਇਨਕਲੇਵ ਆਦਿ। ਸੜਕਾਂ ਦੇ ਨਾਮ ਕੂਪਰ ਰੋਡ, ਕਵੀਨਜ਼ ਰੋਡ, ਐਲਬਰਟ ਰੋਡ, ਲਾਰੈਂਸ ਰੋਡ, ਮਾਲ ਰੋਡ, ਮੈਕਲਡ ਰੋਡ, ਸਰਕੂਲਰ ਰੋਡ, ਕੈਂਟ ਰੋਡ, ਜੀ.ਟੀ.ਰੋਡ, ਬਾਈਪਾਸ ਆਦਿ। ਦੁਕਾਨਾਂ ਤੇ ਸ਼ਾਪਿੰਗ ਮਾਲ ਜਿਵੇਂ ਸੈਲੀਬ੍ਰੇਸ਼ਨ, ਟ੍ਰਿਲੀਅਮ, ਅਲਫਾ ਵਨ, ਮੈਡੀਸਿਟੀ, ਮੈਡੀਕਲ ਸਟੋਰ, ਬ੍ਰਦਰਜ਼ ਰੇਸਟੋਰੈਂਟ, ਫੈਮਲੀ ਫੂਡ ਅਤੇ ਪਾਰਕਾਂ ਵਿਚ ਸੰਨਸਿਟੀ, ਵੰਡਰਲੈਂਡ, ਫੰਨਸਿਟੀ, ਰੇਂਬੋ ਰਿਜੋਰਟਸ ਆਦਿ। ਘਰਾਂ ਦੇ ਹੋਮ, ਹਾਊਸ ਤੇ ਪੀ.ਜੀ. ਬਣ ਗਏ। ਵਿਹੜੇ, ਕਮਰੇ, ਬੈਠਕ, ਚੌਂਕੇ ਤੇ ਡਿਉਢੀ ਦੀ ਥਾਂ ਤੇ ਪੋਰਚ, ਲੌਬੀ, ਡੱਕਟ, ਰੂਮਜ਼, ਬੈੱਡ, ਡਾਇਨਿੰਗ, ਡਰੈਸਿੰਗ, ਸੈਂਟਰ ਟੇਬਲ, ਚੇਅਰ, ਕਿਚਨ, ਸਟੇਅਰ, ਗ੍ਰਿਲ, ਡੋਰ, ਗੇਟ ਆਦਿ ਸ਼ਬਦਾਂ ਦੀ ਵਰਤੋਂ ਹੋਣ ਲੱਗ ਪਈ।

ਪੰਜਾਬੀ ਭਾਸ਼ਾ ਨੂੰ ਢਾਅ ਲਾਉਣ ਲਈ ਪੰਜਾਬੀ ਮੀਡੀਆ ਦਾ ਵੀ ਵੱਡਾ ਯੋਗਦਾਨ ਹੈ ਜਿਸ ਵਿਚ ਪੰਜਾਬੀ ਫਿਲਮਾਂ ਦੀ ਮਹੱਤਵਪੂਰਨ ਭੂਮਿਕਾ ਹੈ। ਪੰਜਾਬੀ ਫਿਲਮਾਂ ਦਾ ਨਾਮਕਰਨ ਹੀ ਅਜਿਹਾ ਕੀਤਾ ਜਾਂਦਾ ਹੈ ਕਿ ਉਹ ਨਾਮ ਤੋਂ ਹੀ ਵਲੈਤੀ ਜਾਪਦੀਆਂ ਹਨ ਜਿਵੇਂ ਵਨਸ ਅਪੌਨ ਏ ਟਾਈਮ ਇਨ ਅੰਮ੍ਰਿਤਸਰ ਅਗੇਨ, ਡੈਡੀ ਕੂਲ ਮੁੰਡੇ ਫੂਲ, ਜੱਟ ਐਂਡ ਜੂਲੀਅਟ, ਜੱਟ ਜੇਮਜ਼ ਬੌਂਡ, ਸੁਪਰ ਸਿੰਘ, ਡਿਸਕੋ ਸਿੰਘ, ਲੱਕੀ ਦੀ ਅਨਲੱਕੀ ਸਟੋਰੀ, ਕੈਰੀ ਔਨ ਜੱਟਾ ਆਦਿ।

ਤਕਨੀਕੀ ਊਣਤਾਈਆਂ ਭਾਸ਼ਾ ਦੇ ਪਤਨ ਦਾ ਕਾਰਨ ਨਹੀਂ ਸਗੋਂ ਲੋਕ-ਮਨਾਂ ਵਿਚੋਂ ਵਿਸਰਨ ਨਾਲ ਭਾਸ਼ਾ ਦਾ ਅੰਤ ਹੁੰਦਾ ਹੈ। ਕਿਸੇ ਵੇਲੇ ਵਿਸ਼ਵ ਵਿਦਿਆਲਿਆਂ ਦਾ ਮਾਧਿਅਮ ਰਹੀਆਂ ਕਈ ਭਾਸ਼ਾਵਾਂ ਸਮੇਂ ਦੀ ਭੇਂਟ ਚੜ੍ਹ ਗਈਆਂ। ਮਨੋਵਿਗਿਆਨੀ ਭਾਸ਼ਾ ਨੂੰ ਮਾਨਸਿਕ ਭਾਵਾਂ ਦੀ ਪੁਸ਼ਾਕ4 ਆਖਦੇ ਹਨ ਪਰ ਪੰਜਾਬੀਆਂ ਦੇ ਮਾਨਸਿਕਤਾ ਡਾਵਾਂਡੋਲ ਹੈ ਤੇ ਭਾਵਾਂ ਦੀ ਪੁਸ਼ਾਕ ਪੰਜਾਬੀ ਭਾਸ਼ਾ ਵੀ ਲੀਰੋ-ਲੀਰ ਹੋਣ ਕੰਢੇ ਹੈ।

ਭਾਵੇਂ ਸਕੂਲ ਅਤੇ ਕਾਲਜ ਪੱਧਰ ਤੇ ਪੰਜਾਬੀ ਲਾਜ਼ਮੀ ਪੜ੍ਹਾਈ ਜਾਂਦੀ ਹੈ ਤਾਂ ਵੀ ਪੰਜਾਬੀ ਨਾਲ ਸਰਕਾਰੀ ਤੇ ਗ਼ੈਰ ਸਰਕਾਰੀ ਤੌਰ ਤੇ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਆਮ ਵੇਖਿਆ ਜਾ ਸਕਦਾ ਹੈ। ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ, ਸੰਸਥਾਵਾਂ, ਸਾਈਨ ਬੋਰਡਾਂ, ਨੇਮ ਪਲੇਟਾਂ, ਸ਼ੋਸ਼ਲ ਮੀਡੀਆ ਆਦਿ ਵਿਚ ਪੰਜਾਬੀ ਭਾਸ਼ਾ ਨੂੰ ਵਿਸਾਰਿਆ ਜਾ ਰਿਹਾ ਹੈ। ਆਮ ਵਰਤਾਰਾ ਹੈ ਕਿ ਕਿਸੇ ਵਿਅਕਤੀ ਦੇ ਸਟੇਟਸ ਨੂੰ ਸਮਝਣ ਲਈ ਉਸ ਦੀ ਭਾਸ਼ਾ ਨੂੰ ਆਧਾਰ ਮੰਨਿਆ ਜਾਂਦਾ ਹੈ। ਪੰਜਾਬੀਆਂ ਦਾ ਦੁਖਾਂਤ ਇਹ ਹੈ ਕਿ ਇਹਨਾਂ ਦੀ ਪਰਖ ਵਿਚ ਉਹ ਇਨਸਾਨ ਸਿਆਣਾ ਤੇ ਸਮਝਦਾਰ ਹੈ ਜੋ ਪੰਜਾਬੀ ਬੋਲਣ ਦੀ ਥਾਂ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਜ਼ਿਆਦਾ ਤੇ ਸ਼ੁੱਧ ਕਰਦਾ ਹੈ। ਦੂਜੇ ਪਾਸੇ ਭਾਵੇਂ ਕੋਈ ਕਿੰਨੀ ਵੀ ਸ਼ੁੱਧ ਪੰਜਾਬੀ ਬੋਲੇ, ਉਸਨੂੰ ਅਸੱਭਿਅਕ, ਜਾਹਲ ਜਾਂ ਪੇਂਡੂ ਦਾ ਦਰਜਾ ਦਿੱਤਾ ਜਾਂਦਾ ਹੈ। ਨਿੱਜੀ ਸਕੂਲਾਂ ਵਿਚ ਜੇਕਰ ਕੋਈ ਵਿਦਿਆਰਥੀ ਪੰਜਾਬੀ ਬੋਲੇ ਤਾਂ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ। ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਅਸੀਂ ਖੁਦ ਪ੍ਰਦੇਸਣ ਕੀਤਾ ਹੋਇਆ ਹੈ।

ਅੰਤ ਵਿਚ ਇਹੀ ਕਹਿਣਾ ਉਚਿਤ ਹੈ ਕਿ ਜੇਕਰ ਪੰਜਾਬੀ ਭਾਸ਼ਾ ਨੂੰ ਬਚਾਉਣਾ ਹੈ ਤਾਂ ਬੰਦ ਕਮਰਿਆਂ ਦੀਆਂ ਬੌਧਿਕ ਗੋਸ਼ਟੀਆਂ ਨੂੰ ਤਿਆਗ ਕੇ ਵਿਹਾਰਕ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਇਕ ਅਲੱਗ ਵਰਤਾਰਾ ਹੈ ਜਿਸ ਵਿਚ ਕੇਵਲ ਭਾਸ਼ਾ ਦੀ ਬਣਤਰ ਆਦਿ 'ਤੇ ਕੇਂਦਰਿਤ ਹੋਇਆ ਜਾ ਸਕਦਾ ਹੈ ਪਰ ਭਾਸ਼ਾ ਦੀ ਹੋਂਦ ਦਾ ਮਸਲਾ ਬਹੁ-ਪਾਸਾਰੀ ਹੈ। ਇਸਨੂੰ ਸਾਂਭਣ ਤੇ ਬਚਾਉਣ ਲਈ ਪੰਜਾਬੀ ਮਾਨਸਿਕਤਾ ਭਾਸ਼ਾ-ਪ੍ਰੇਮੀ ਹੋਣੀ ਲਾਜ਼ਮੀ ਹੈ। ਮਾਤ-ਭਾਸ਼ਾ ਨੂੰ ਮਤਰੇਈ ਮਾਂ ਵਾਂਗੂੰ ਸਮਝਣ ਵਾਲੀਆਂ ਕੌਮਾਂ ਬਹੁਤ ਦੇਰ ਤੱਕ ਜੀਵਿਤ ਨਹੀਂ ਰਹਿ ਸਕਦੀਆਂ। ਜੇਕਰ ਪੰਜਾਬੀ ਜਾਗਰੂਕ ਹੋ ਕੇ ਪੰਜਾਬੀ ਭਾਸ਼ਾ ਦੀ ਸੰਭਾਲ ਲਈ ਸਰਗਰਮ ਹੋ ਜਾਣ ਤਾਂ ਸਹਿਜੇ ਹੀ ਪੰਜਾਬੀ ਭਾਸ਼ਾ ਦੀ ਡਾਵਾਂਡੋਲ ਸਥਿਤੀ ਨੂੰ ਸਥਿਰ ਕੀਤਾ ਜਾ ਸਕਦਾ ਹੈ। ਕੁਝ ਸੰਸਥਾਵਾਂ, ਅਦਾਰਿਆਂ ਤੇ ਵਿਅਕਤੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਨਵੀਂ ਤਕਨਾਲੋਜੀ ਅਨੁਸਾਰ ਵਰਤਣ ਲਈ ਸ਼ਲਾਘਾਯੋਗ ਯਤਨ ਕੀਤੇ ਜਾ ਰਹੇ ਹਨ ਜਿਸ ਨਾਲ ਪੰਜਾਬੀ ਵਿਸ਼ਵ ਦੇ ਹਾਣ ਦੀ ਬਣਨ ਦੀ ਸਮਰੱਥਾ ਵੀ ਰੱਖਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਜੋਗਿੰਦਰ ਸ਼ਮਸ਼ੇਰ, ਬਰਤਾਨੀਆ ਵਿਚ ਪੰਜਾਬੀ ਜੀਵਨ ਅਤੇ ਸਾਹਿਤ, ਪੰਨਾ 162
2. ਡਾ. ਸ. ਪ. ਸਿੰਘ, ਪਰਵਾਸੀ ਪੰਜਾਬੀ ਕਵਿਤਾ, ਪੰਨਾ 9
3. ਪ. ਸ. ਸਿੱਧੂ, 'ਵੀਹਵੀਂ ਸਦੀ ਦੇ ਪੰਜਾਬੀ ਭਾਸ਼ਾ ਵਿਗਿਆਨ ਦਾ ਮੁਲਾਂਕਣ', ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, ਸੰਪਾ. ਓਮ ਪ੍ਰਕਾਸ਼ ਵਸ਼ਿਸ਼ਟ, ਸਾਹਿਤ ਅਕਾਦਮੀ, ਨਵੀਂ ਦਿੱਲੀ, 2002, ਪੰਨਾ 198
4. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਦੇ ਮੁੱਢਲੇ ਸੰਕਲਪ, ਵਾਰਿਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, 1999, ਪੰਨਾ 11

## ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

ਮਾਂ ਬੋਲੀ ਦਿਵਸ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
ਪ੍ਰੀਤਨਾਮਾ ਖਰਾ ਸੱਚ



# ਅਪਣੀ ਬੋਲੀ - ਅਪਣਾ ਵਿਰਸਾ: ਸਾਡੀ ਪਛਾਣ ਦੀ ਰੂਹ

ਨਿਊਜ਼ਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਜੱਸੀ ਢਿੱਲੋਂ
jasjee7@gmail.com

ਅੱਜ ਦੇ ਗਲੋਬਲ ਯੁੱਗ ਵਿੱਚ, ਜਦੋਂ ਬੱਚੇ ਅਤੇ ਨਵੀਂ ਪੀੜ੍ਹੀ ਵੱਖ-ਵੱਖ ਸਭਿਆਚਾਰਾਂ ਅਤੇ ਭਾਸ਼ਾਵਾਂ ਨਾਲ ਰਾਬਤਾ ਬਣਾਉਂਦੇ ਹਨ, ਉਹਨਾਂ ਲਈ ਆਪਣੀ ਮੂਲ ਪਛਾਣ ਨਾਲ ਜੁੜੇ ਰਹਿਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ। ਘਰ ਉਹ ਪਹਿਲਾ ਸਕੂਲ ਹੈ ਜਿੱਥੇ ਬੱਚਾ ਬੋਲਣਾ, ਸੋਚਣਾ ਅਤੇ ਸਮਝਣਾ ਸਿੱਖਦਾ ਹੈ। ਇਸ ਲਈ ਘਰ ਵਿੱਚ ਪੰਜਾਬੀ ਬੋਲਣਾ ਸਿਰਫ਼ ਇੱਕ ਚੋਣ ਨਹੀਂ, ਸਾਡੀ ਜ਼ਿੰਮੇਵਾਰੀ ਹੈ। ਜਦੋਂ ਮਾਂ ਆਪਣੇ ਬੱਚੇ ਨੂੰ ਪਹਿਲੀ ਵਾਰ "ਪੁੱਤ"ਕਹਿੰਦੀ ਹੈ, ਉਹ ਸਿਰਫ਼ ਇੱਕ ਸ਼ਬਦ ਨਹੀਂ ਹੁੰਦਾ—ਉਹ ਪਿਆਰ, ਸੁਰੱਖਿਆ ਅਤੇ ਪਛਾਣ ਦੀ ਪਹਿਲੀ ਧੁਨ ਹੁੰਦੀ ਹੈ। ਭਾਸ਼ਾ ਸਾਡੀ ਰੂਹ ਦੀ ਆਵਾਜ਼ ਹੈ। ਇਹ ਸਾਡੀ ਹੰਸੀ, ਸਾਡੇ ਅੰਸੂ, ਸਾਡੇ ਸੁਪਨੇ ਅਤੇ ਸਾਡੀ ਯਾਦਾਂ ਨੂੰ ਅਰਥ ਦਿੰਦੀ ਹੈ। ਘਰ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਸਿਰਫ਼ ਗੱਲਬਾਤ ਦਾ ਸਾਧਨ ਨਹੀਂ; ਇਹ ਸਾਡੀ ਪੀੜ੍ਹੀਆਂ ਨੂੰ ਜੋੜਨ ਵਾਲਾ ਪਵਿੱਤਰ ਧਾਗਾ ਹੈ। ਜਦੋਂ ਅਸੀਂ ਆਪਣੇ ਬੱਚਿਆਂ ਨਾਲ ਪੰਜਾਬੀ ਵਿੱਚ ਗੱਲ ਕਰਦੇ ਹਾਂ, ਅਸੀਂ ਉਹਨਾਂ ਨੂੰ ਸਿਰਫ਼ ਸ਼ਬਦ ਨਹੀਂ ਸਿਖਾਂਦੇ—ਅਸੀਂ ਉਹਨਾਂ ਨੂੰ ਆਪਣੀ ਮਿੱਟੀ ਦੀ ਖੁਸ਼ਬੂ, ਆਪਣੇ ਇਤਿਹਾਸ ਦੀ ਗਹਿਰਾਈ ਅਤੇ ਆਪਣੇ ਵਿਰਸੇ ਦੀ ਰੌਸ਼ਨੀ ਸੌਂਪਦੇ ਹਾਂ।

ਭਾਸ਼ਾ ਸਾਡੀ ਸਭਿਆਚਾਰਕ ਵਿਰਾਸਤ, ਸਮਾਜਿਕ ਰਿਸ਼ਤਿਆਂ ਅਤੇ ਨਿੱਜੀ ਅਨੁਭਵਾਂ ਦੀ ਪਰਛਾਂਵ ਹੈ। ਭਾਸ਼ਾ ਰਾਹੀਂ ਹੀ ਅਸੀਂ ਆਪਣੀਆਂ ਕਹਾਣੀਆਂ ਸੁਣਾਂਦੇ ਹਾਂ, ਆਪਣੇ ਵਿਸ਼ਵਾਸ ਸਾਂਝੇ ਕਰਦੇ ਹਾਂ ਅਤੇ ਇਕ ਦੂਜੇ ਨਾਲ ਦਿਲੀ ਨਾਤਾ ਜੋੜਦੇ ਹਾਂ। ਹਰ ਭਾਸ਼ਾ ਆਪਣੇ ਅੰਦਰ ਵਿਲੱਖਣ ਸੱਭਿਆਚਾਰਕ ਨੁਅੰਸ, ਮੁਹਾਵਰੇ ਅਤੇ ਇਤਿਹਾਸਕ ਸੰਦਰਭ ਸੰਭਾਲੀ ਬੈਠੀ ਹੁੰਦੀ ਹੈ, ਜੋ ਸਾਡੀ ਪਛਾਣ ਨੂੰ ਮਜ਼ਬੂਤ ਬਣਾਉਂਦੇ ਹਨ। ਭਾਸ਼ਾ ਸਭਿਆਚਾਰ ਦੀ ਰੂਹ ਹੈ। ਜੇ ਭਾਸ਼ਾ ਮਿਟ ਜਾਵੇ, ਤਾਂ ਗੀਤ, ਰਸਮਾਂ ਅਤੇ ਸਾਡੀ ਵਿਲੱਖਣ ਅਭਿਵੈਕਤੀ ਵੀ ਮਿਟ ਜਾਂਦੀ ਹੈ। ਖ਼ਾਸ ਕਰਕੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਲਈ, ਪੰਜਾਬੀ ਬੋਲਣਾ ਬੱਚਿਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦਾ ਹੈ ਅਤੇ ਉਹਨਾਂ ਵਿੱਚ ਮਾਣ ਪੈਦਾ ਕਰਦਾ ਹੈ।

ਪੰਜਾਬੀ ਦੀ ਗਰਮਾਹਟ ਅਤੇ ਸਿੱਧਾਪਣ ਪਿਆਰ, ਹਾਸੇ ਅਤੇ ਹੌਸਲੇ ਨੂੰ ਬੇਮਿਸਾਲ ਢੰਗ ਨਾਲ ਬਿਆਨ ਕਰਦਾ ਹੈ। ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਸਮਝਣ ਲਈ ਪੰਜਾਬੀ ਅਤਿ-ਆਵਸ਼ਕ ਹੈ।

**ਭਾਸ਼ਾ ਸਾਡੀ ਪਛਾਣ ਦਾ ਅਟੁੱਟ ਹਿੱਸਾ ਕਿਉਂ ਹੈ ?**

ਭਾਸ਼ਾ ਅਤੇ ਸਭਿਆਚਾਰ ਦਾ ਰਿਸ਼ਤਾ ਅਟੁੱਟ ਹੈ। ਭਾਸ਼ਾ ਸਾਡੀ ਸਭਿਆਚਾਰਕ ਪਛਾਣ ਨੂੰ ਰੂਪ ਦਿੰਦੀ ਹੈ। ਇਹ ਸਾਨੂੰ ਆਪਣੇ ਦੇਸ਼ ਦੇ ਇਤਿਹਾਸ ਨੂੰ ਸਮਝਣ, ਆਪਣੀਆਂ ਪਰੰਪਰਾਵਾਂ ਦੀ ਕਦਰ ਕਰਨ ਅਤੇ ਆਪਣੇ ਲੋਕਾਂ ਨਾਲ ਜੁੜਨ ਦਾ ਮੌਕਾ ਦਿੰਦੀ ਹੈ।

ਭਾਸ਼ਾ ਰਾਹੀਂ ਹੀ ਅਸੀਂ ਆਪਣੀਆਂ ਕਹਾਣੀਆਂ ਬਿਆਨ ਕਰਦੇ ਹਾਂ, ਆਪਣੀਆਂ ਧਾਰਣਾਵਾਂ ਸਾਂਝੀਆਂ ਕਰਦੇ ਹਾਂ ਅਤੇ ਆਪਣੇ ਰਿਸ਼ਤਿਆਂ ਨੂੰ ਮਜ਼ਬੂਤ ਕਰਦੇ ਹਾਂ। ਹਰ ਭਾਸ਼ਾ ਵਿੱਚ ਵਿਲੱਖਣ ਮੁਹਾਵਰੇ, ਸੱਭਿਆਚਾਰਕ ਸੰਦਰਭ ਅਤੇ ਇਤਿਹਾਸਕ ਝਲਕੀਆਂ ਹੁੰਦੀਆਂ ਹਨ, ਜੋ ਸਾਡੀ ਅਸਲ ਪਛਾਣ ਨੂੰ ਸੰਭਾਲ ਕੇ ਰੱਖਦੀਆਂ ਹਨ।

ਪੰਜਾਬੀ ਬੋਲੀ ਅਤੇ ਵਿਰਸਾ ਲਗਭਗ ਪੰਜ ਹਜ਼ਾਰ ਸਾਲ ਪੁਰਾਣੀ ਸਭਿਆਚਾਰ, ਇਤਿਹਾਸ ਅਤੇ ਪੰਜਾਬ ਦੀ ਰੂਹ ਦਾ ਪ੍ਰਤੀਕ ਹਨ। ਲੋਕ-ਗੀਤ, ਕਾਵਿ, ਵਾਰਾਂ, ਕਹਾਣੀਆਂ ਅਤੇ ਗੁਰਬਾਣੀ—ਇਹ ਸਾਰਾ ਖਜ਼ਾਨਾ ਪੰਜਾਬੀ ਰਾਹੀਂ ਹੀ ਸਾਡੇ ਤੱਕ ਪਹੁੰਚਦਾ ਹੈ। Guru Granth Sahib ਦੀ ਬਾਣੀ ਨੂੰ ਸਮਝਣ ਲਈ ਗੁਰਮੁਖੀ ਅਤੇ ਪੰਜਾਬੀ ਦੀ ਸਮਝ ਬਹੁਤ ਜ਼ਰੂਰੀ ਹੈ।

ਭਾਸ਼ਾ ਸਾਨੂੰ ਇਹ ਅਹਿਸਾਸ ਦਿੰਦੀ ਹੈ ਕਿ "ਅਸੀਂ ਕੌਣ ਹਾਂ"ਅਤੇ "ਕਿੱਥੋਂ ਆਏ ਹਾਂ।"ਇਹ ਸਾਨੂੰ ਇਕ ਸਾਂਝੀ ਪਛਾਣ ਦਿੰਦੀ ਹੈ—ਇਕ ਅਪਣਾਪਾ, ਇਕ ਮਾਣ।

ਪੰਜਾਬੀ ਬੋਲੀ ਅਤੇ ਵਿਰਸਾ ਸਾਡੀ ਹਸਤੀ ਦੀ ਬੁਨਿਆਦ ਹਨ। ਇਹ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਲਗਭਗ ਪੰਜ ਹਜ਼ਾਰ ਸਾਲ ਪੁਰਾਣੀ ਸਭਿਆਚਾਰ, ਇਤਿਹਾਸ ਅਤੇ ਪੰਜਾਬ ਦੀ ਰੂਹ ਦਾ ਪ੍ਰਤੀਕ ਹੈ। ਇਹ ਪੀੜ੍ਹੀ ਤੋਂ ਪੀੜ੍ਹੀ ਤੱਕ ਸਾਡੇ ਪੁਰਖਿਆਂ ਨਾਲ ਸਾਡਾ ਨਾਤਾ ਜੋੜਦੀ ਹੈ। ਦਾਦੀ-ਨਾਨੀ ਦੀਆਂ ਕਹਾਣੀਆਂ, ਲੋਕ-ਗੀਤ, ਵਾਰਾਂ, ਕਵਿਤਾ ਅਤੇ ਸਾਹਿਤ—ਇਹ ਸਭ ਪੰਜਾਬੀ ਰਾਹੀਂ ਹੀ ਅਗਲੀ ਪੀੜ੍ਹੀ ਤੱਕ ਪਹੁੰਚਦੇ ਹਨ।

Shri Guru Granth Sahib ਦੀ ਬਾਣੀ ਨੂੰ ਸਮਝਣ ਲਈ ਪੰਜਾਬੀ (ਗੁਰਮੁਖੀ) ਦੀ ਜਾਣਕਾਰੀ ਅਤਿ ਆਵਸ਼ਕ ਹੈ। ਧਰਮ, ਇਤਿਹਾਸ ਅਤੇ ਸਿੱਖ ਪਰੰਪਰਾਵਾਂ ਨਾਲ ਜੁੜਨ ਲਈ ਆਪਣੀ ਮਾਂ-ਬੋਲੀ ਨੂੰ ਜਾਣਨਾ ਬੇਹੱਦ ਜ਼ਰੂਰੀ ਹੈ।

**ਭਾਸ਼ਾ ਦੇ 5 ਮੁੱਖ ਸਿਧਾਂਤ**

ਭਾਸ਼ਾਵਿਦਾਂ ਮੁਤਾਬਕ ਹਰ ਭਾਸ਼ਾ ਵਿੱਚ ਪੰਜ ਮੂਲ ਅੰਗ ਹੁੰਦੇ ਹਨ:

ਧੁਨੀ ਵਿਗਿਆਨ ( Phonology ) : ਆਵਾਜ਼ਾਂ ਅਤੇ ਉਚਾਰਨ ਦਾ ਅਧਿਐਨ।
ਰੂਪ ਵਿਗਿਆਨ (Morphology) : ਸ਼ਬਦਾਂ ਦੀ ਬਣਤਰ।
ਵਾਕ ਰਚਨ ( Syntax) : ਵਾਕ ਬਣਾਉਣ ਦੇ ਨਿਯਮ।
ਅਰਥ ਵਿਗਿਆਨ ( Semantics ): ਸ਼ਬਦਾਂ ਦੇ ਅਰਥ।
ਪ੍ਰਯੋਗ ਵਿਗਿਆਨ ( Pragmatics ): ਸੰਦਰਭ ਅਨੁਸਾਰ ਅਰਥ ਦੀ ਸਮਝ।

**ਭਾਸ਼ਾ ਦੀਆਂ 10 ਮਹੱਤਵਪੂਰਨ ਵਿਸ਼ੇਸ਼ਤਾਵਾਂ**

ਮਨਮਾਨੀ ਸੁਭਾਵ ਵਾਲੀ : ਸ਼ਬਦ ਅਤੇ ਅਰਥ ਦਾ ਸੰਬੰਧ ਕੁਦਰਤੀ ਨਹੀਂ, ਸਮਝੌਤਿਆਤਮਕ ਹੁੰਦਾ ਹੈ।
ਉਤਪਾਦਕ : ਅਸੀਂ ਨਵੇਂ ਵਾਕ ਅਤੇ ਵਿਚਾਰ ਬਣਾਉਣ ਦੇ ਯੋਗ ਹਾਂ।
ਰਚਨਾਤਮਕ : ਭਾਸ਼ਾ ਰਾਹੀਂ ਕਵਿਤਾ, ਕਹਾਣੀ ਅਤੇ ਨਵੀਂ ਸੋਚ ਪੈਦਾ ਹੁੰਦੀ ਹੈ।
ਤੀਕਾਤਮਕ : ਸ਼ਬਦ ਪ੍ਰਤੀਕ ਹਨ ਜੋ ਅਰਥ ਪੇਸ਼ ਕਰਦੇ ਹਨ।
ਵਿਧੀਬੱਧ : ਭਾਸ਼ਾ ਦੇ ਆਪਣੇ ਨਿਯਮ ਅਤੇ ਢਾਂਚੇ ਹੁੰਦੇ ਹਨ।
ਧੁਨੀ ਆਧਾਰਿਤ : ਬੋਲੀ ਆਵਾਜ਼ ਰਾਹੀਂ ਪ੍ਰਗਟ ਹੁੰਦੀ ਹੈ।
ਸਮਾਜਿਕ : ਭਾਸ਼ਾ ਸਮਾਜ ਵਿੱਚ ਜੀਵੰਤ ਰਹਿੰਦੀ ਹੈ।
ਗੈਰ-ਸਵਭਾਵਿਕ/ਸਿੱਖਣਯੋਗ : ਭਾਸ਼ਾ ਸਿੱਖੀ ਜਾਂਦੀ ਹੈ, ਜਨਮਜਾਤ ਨਹੀਂ।
ਰਵਾਇਤੀ : ਭਾਸ਼ਾ ਰਵਾਇਤਾਂ ਅਤੇ ਸਮਝੌਤਿਆਂ 'ਤੇ ਆਧਾਰਿਤ ਹੈ।
ਸੰਚਾਰ ਦਾ ਸਾਧਨ : ਇਹ ਵਿਚਾਰ ਸਾਂਝੇ ਕਰਨ ਦਾ ਮੂਲ ਮਾਧਿਅਮ ਹੈ।

ਇਸ ਤੋਂ ਇਲਾਵਾ, ਭਾਸ਼ਾ ਮਨੁੱਖੀ ਹੈ, ਢਾਂਚਾਗਤ ਤੌਰ 'ਤੇ ਜਟਿਲ ਹੈ ਅਤੇ ਸਮੇਂ ਦੇ ਨਾਲ ਬਦਲਣਯੋਗ ਹੈ।

**ਅਪਣੀ ਬੋਲੀ ਦੀ ਮਹੱਤਤਾ**

1. ਸਭਿਆਚਾਰਕ ਸੰਰੱਖਣ (Cultural Preservation):
ਭਾਸ਼ਾ ਸਭਿਆਚਾਰ ਦੀ ਰੂਹ ਹੈ। ਜੇ ਭਾਸ਼ਾ ਖਤਮ ਹੋ ਜਾਵੇ, ਤਾਂ ਗੀਤ, ਰਸਮਾਂ-ਰਿਵਾਜ ਅਤੇ ਵਿਲੱਖਣ ਅਭਿਵੈਕਤੀਆਂ ਵੀ ਮਿਟ ਜਾਂਦੀਆਂ ਹਨ। ਪੰਜਾਬੀ ਬਚੀ ਰਹੇਗੀ ਤਾਂ ਹੀ ਸਾਡਾ ਵਿਰਸਾ ਜ਼ਿੰਦਾ ਰਹੇਗਾ।

2. ਜੜ੍ਹਾਂ ਨਾਲ ਜੋੜ (Connection to Roots):
ਖ਼ਾਸ ਕਰਕੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਲਈ, ਘਰ ਵਿੱਚ ਪੰਜਾਬੀ ਬੋਲਣਾ ਬੱਚਿਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦਾ ਹੈ। ਇਹ ਉਹਨਾਂ ਵਿੱਚ ਮਾਣ ਅਤੇ ਅਪਣਾਪੇ ਦੀ ਭਾਵਨਾ ਪੈਦਾ ਕਰਦਾ ਹੈ।

3. ਜਜ਼ਬਾਤੀ ਅਭਿਵੈਕਤੀ (Emotional Expression):
ਪੰਜਾਬੀ ਦੀ ਮਿੱਠਾਸ, ਸਾਦਗੀ ਅਤੇ ਸਿੱਧਾਪਣ ਪਿਆਰ, ਹਾਸਾ ਅਤੇ ਹੌਸਲੇ ਨੂੰ ਵਿਲੱਖਣ ਢੰਗ ਨਾਲ ਬਿਆਨ ਕਰਦੇ ਹਨ। "ਪੁੱਤ, "ਸੱਜਣਾ, "ਮਾਂ, "ਵਾਹਿਗੁਰੂ ਮੇਹਰ ਕਰੇ—ਇਹ ਸ਼ਬਦ ਸਿਰਫ਼ ਸ਼ਬਦ ਨਹੀਂ, ਸਾਡੇ ਦਿਲ ਦੀ ਧੜਕਣ ਹਨ।

4. ਧਾਰਮਿਕ ਮਹੱਤਤਾ (Religious Significance):
ਸਿੱਖ ਭਾਈਚਾਰੇ ਲਈ ਪੰਜਾਬੀ (ਗੁਰਮੁਖੀ) ਬਾਣੀ ਨੂੰ ਸਮਝਣ ਦਾ ਸਾਧਨ ਹੈ। ਆਪਣੀ ਮਾਂ-ਬੋਲੀ ਰਾਹੀਂ ਹੀ ਅਸੀਂ ਆਪਣੇ ਧਾਰਮਿਕ ਇਤਿਹਾਸ ਅਤੇ ਮੁੱਲਾਂ ਨੂੰ ਡੂੰਘਾਈ ਨਾਲ ਸਮਝ ਸਕਦੇ ਹਾਂ।

**ਨਵੀਂ ਪੀੜ੍ਹੀ ਲਈ ਸਾਡੀ ਜ਼ਿੰਮੇਵਾਰੀ**

ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਪਛਾਣ ਮਜ਼ਬੂਤ ਰਹੇ, ਤਾਂ ਸਾਨੂੰ ਆਪਣੇ ਘਰਾਂ ਵਿੱਚ ਪੰਜਾਬੀ ਬੋਲਣ ਦੀ ਰੀਤ ਨੂੰ ਜਾਰੀ ਰੱਖਣਾ ਹੋਵੇਗਾ। ਬੱਚਿਆਂ ਨਾਲ ਪੰਜਾਬੀ ਵਿੱਚ ਗੱਲਬਾਤ ਕਰੋ, ਉਹਨਾਂ ਨੂੰ ਪੰਜਾਬੀ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰੋ, ਲੋਕ-ਗੀਤ ਸੁਣਾਓ ਅਤੇ ਸੱਭਿਆਚਾਰਕ ਸਮਾਗਮਾਂ ਨਾਲ ਜੋੜੋ।

ਭਾਸ਼ਾ ਇੱਕ ਪੁਲ ਹੈ ਜੋ ਪਿਛਲੀ ਪੀੜ੍ਹੀ ਨੂੰ ਅਗਲੀ ਪੀੜ੍ਹੀ ਨਾਲ ਜੋੜਦਾ ਹੈ। ਇਹ ਸਮੂਹਕ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਦੀ ਹੈ। ਜਦੋਂ ਬੱਚੇ ਆਪਣੀ ਮਾਂ-ਬੋਲੀ ਬੋਲਦੇ ਹਨ, ਉਹ ਸਿਰਫ਼ ਸ਼ਬਦ ਨਹੀਂ ਬੋਲਦੇ—ਉਹ ਆਪਣੀ ਪਛਾਣ ਨੂੰ ਜ਼ਿੰਦਾ ਰੱਖਦੇ ਹਨ।

ਨਵੀਂ ਪੀੜ੍ਹੀ ਨੂੰ ਆਪਣੀ ਮਾਂ-ਬੋਲੀ ਬੋਲਣ ਲਈ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ। ਇਹ ਸਿਰਫ਼ ਸਭਿਆਚਾਰਕ ਪਛਾਣ ਨੂੰ ਬਚਾਉਂਦਾ ਨਹੀਂ, ਸਗੋਂ ਬੱਚਿਆਂ ਦੀ ਸੋਚਣ-ਸਮਝਣ ਦੀ ਸਮਰੱਥਾ ਨੂੰ ਵੀ ਮਜ਼ਬੂਤ ਕਰਦਾ ਹੈ। ਮਾਂ-ਬੋਲੀ ਬੱਚਿਆਂ ਦੀ ਅਕਾਦਮਿਕ ਕਾਰਗੁਜ਼ਾਰੀ ਨੂੰ ਸੁਧਾਰਦੀ ਹੈ ਅਤੇ ਹੋਰ ਭਾਸ਼ਾਵਾਂ ਸਿੱਖਣ ਵਿੱਚ ਵੀ ਮਦਦਗਾਰ ਹੁੰਦੀ ਹੈ।

ਜੋ ਬੱਚੇ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿੰਦੇ ਹਨ, ਉਹਨਾਂ ਵਿੱਚ ਆਤਮ-ਵਿਸ਼ਵਾਸ ਵੱਧ ਹੁੰਦਾ ਹੈ ਅਤੇ ਉਹ ਆਪਣੇ ਵਿਰਸੇ ਨਾਲ ਗਹਿਰਾ ਨਾਤਾ ਮਹਿਸੂਸ ਕਰਦੇ ਹਨ।

**ਅੰਤਿਮ ਸੰਦੇਸ਼**

ਪੰਜਾਬੀ ਭਾਸ਼ਾ ਦੀ ਸੰਭਾਲ ਸਿਰਫ਼ ਇੱਕ ਜ਼ਰੂਰਤ ਨਹੀਂ, ਸਾਡਾ ਫਰਜ਼ ਹੈ। ਜੇ ਅਸੀਂ ਆਪਣੀ ਬੋਲੀ ਨੂੰ ਬਚਾਈਏਗੇ, ਤਾਂ ਸਾਡਾ ਵਿਰਸਾ, ਸਾਡੀ ਰੂਹ ਅਤੇ ਸਾਡੀ ਪਛਾਣ ਵੀ ਸਦੀਵਾਂ ਲਈ ਕਾਇਮ ਰਹੇਗੀ।

**ਆਓ, ਅੱਜ ਤੋਂ ਹੀ ਇਹ ਵਚਨ ਕਰੀਏ—**

ਘਰ ਵਿੱਚ ਪੰਜਾਬੀ ਬੋਲਾਂਗੇ, ਬੱਚਿਆਂ ਨੂੰ ਪੰਜਾਬੀ ਸਿਖਾਵਾਂਗੇ ਅਤੇ ਆਪਣਾ ਵਿਰਸਾ ਮਾਣ ਨਾਲ ਅਗਲੀ ਪੀੜ੍ਹੀ ਤੱਕ ਪਹੁੰਚਾਵਾਂਗੇ।

ਅਪਣੀ ਬੋਲੀ ਹੀ ਅਪਣੀ ਅਸਲੀ ਪਛਾਣ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342

Website: www.preetnama.com Email preetnamausa@gmail.com

20 FEB TO 26 FEB, 2026




# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342

Website: www.preetnama.com Email preetnamausa@gmail.com

20 FEB TO 26 FEB, 2026





# ਤਾਰਿਕ ਰਹਿਮਾਨ ਬਣੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ

## ਤਾਰਿਕ ਰਹਿਮਾਨ ਸਾਬਕਾ ਪ੍ਰਧਾਨ ਮੰਤਰੀ ਖਾਲੇਦਾ ਜ਼ਿਆ ਦੇ ਪੁੱਤਰ ਹਨ



ਢਾਕਾ : ਬੰਗਲਾਦੇਸ਼ ਨੇ ਲੰਮੇ ਸਿਆਸੀ ਅਸਥਿਰਤਾ ਦੇ ਦੌਰ ਤੋਂ ਬਾਅਦ ਨਵੀਂ ਸ਼ੁਰੂਆਤ ਕੀਤੀ ਹੈ। ਬੀ.ਐਨ.ਪੀ. ਦੇ ਨੇਤਾ ਤਾਰੀਕ ਰਹਿਮਾਨ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ। ਰਾਸ਼ਟਰਪਤੀ ਮੁਹੰਮਦ ਸ਼ਹਾਬੁੱਦੀਨ ਨੇ ਜਾਤੀਆ ਸੰਸਦ ਦੇ ਦਖਣੀ ਪਲਾਜ਼ਾ ਵਿਚ ਰਹਮਾਨ ਨੂੰ ਅਹੁਦੇ ਦੀ ਸਹੁੰ ਚੁਕਾਈ ਜਿਸ ਨਾਲ 18 ਮਹੀਨਿਆਂ ਦੀ ਸਿਆਸੀ ਅਨਿਸ਼ਚਿਤਤਾ ਅਤੇ ਨੋਬੇਲ ਪੁਰਸਕਾਰ ਜੇਤੂ ਮੁਹੰਮਤ ਯੂਨੁਸ ਦੀ ਕਮਜ਼ੋਰ ਨਿਆਂ ਵਿਵਸਥਾ ਵਾਲੀ ਅੰਤਰਿਮ ਸਰਕਾਰ ਦਾ ਅੰਤ ਹੋ ਗਿਆ। 60 ਸਾਲ ਦੇ ਰਹਿਮਾਨ, ਜੋ ਸਾਬਕਾ ਰਾਸ਼ਟਰਪਤੀ ਜ਼ਿਆਉਰ ਰਹਿਮਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਖਾਲੇਦਾ ਜ਼ਿਆ ਦੇ ਪੁੱਤਰ ਹਨ, 17 ਸਾਲਾਂ ਦੀ ਲੰਡਨ ਵਿਚ ਜ਼ਲਾਵਤਨ ਜ਼ਿੰਦਗੀ ਤੋਂ ਬਾਅਦ ਦਸੰਬਰ ਵਿਚ ਵਾਪਸ ਦੇਸ਼ ਆਏ ਸਨ। ਇਹ ਪਹਿਲੀ ਵਾਰ ਹੈ ਕਿ ਉਹ ਪ੍ਰਧਾਨ ਮੰਤਰੀ ਬਣੇ ਹਨ। ਸਹੁੰ ਚੁਕ ਸਮਾਰੋਹ ਵਿਚ ਭਾਰਤ ਦੇ ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਭਾਗ ਲਿਆ। ਸਹੁੰ ਚੁਕਦਿਆਂ ਰਹਮਾਨ ਨੇ ਕਿਹਾ, "ਮੈਂ ਕਾਨੂੰਨ ਅਨੁਸਾਰ ਪ੍ਰਧਾਨ ਮੰਤਰੀ ਦੇ ਦਫ਼ਤਰ ਦੀਆਂ ਜ਼ਿੰਮੇਵਾਰੀਆਂ ਨਿਭਾਵਾਂਗਾ।" ਬੀ.ਐਨ.ਪੀ. ਨੇ ਹਾਲੀਆ ਚੋਣਾਂ ਵਿਚ 209 ਸੀਟਾਂ ਜਿੱਤੀਆਂ, ਜਦਕਿ ਜਮਾਤ-ਏ-ਇਸਲਾਮੀ 68 ਸੀਟਾਂ ਨਾਲ ਮੁੱਖ ਵਿਰੋਧੀ ਪਾਰਟੀ ਵਜੋਂ ਉਭਰੀ। ਆਵਾਮੀ ਲੀਗ ਨੂੰ ਚੋਣਾਂ ਲੜਨ ਤੋਂ ਰੋਕ ਦਿਤਾ ਗਿਆ ਸੀ। ਰਹਿਮਾਨ ਨਾਲ 25 ਮੰਤਰੀਆਂ ਅਤੇ 24 ਰਾਜ ਮੰਤਰੀਆਂ ਨੇ ਵੀ ਸਹੁੰ ਚੁਕੀ। ਨਵੀਂ ਕੈਬਨਿਟ 'ਚ ਦੋ ਘੱਟਗਿਣਤੀ ਭਾਈਚਾਰੇ ਦੇ ਮੈਂਬਰ ਵੀ ਹਨ। ਇਕ ਮੰਤਰੀ ਹਿੰਦੂ ਧਰਮ ਨਾਲ ਸਬੰਧਤ ਨਿਤਿਨ ਰਾਏ ਚੌਧਰੀ ਅਤੇ ਦੂਜੇ ਬੁੱਧ ਧਰਮ ਨਾਲ ਸਬੰਧਤ ਦੀਪੇਨ ਦੀਵਾਨ ਹਨ। ਸਹੁੰ ਚੁਕਣ ਤੋਂ ਬਾਅਦ ਰਹਿਮਾਨ ਨੇ ਕੌਮੀ ਏਕਤਾ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ, "ਸਾਡੇ ਵਿਚਾਰ ਵੱਖਰੇ ਹੋ ਸਕਦੇ ਹਨ, ਪਰ ਦੇਸ਼ ਦੇ ਹਿੱਤ ਵਿਚ ਸਾਨੂੰ ਇਕੱਠੇ ਰਹਿਣਾ ਚਾਹੀਦਾ ਹੈ। ਏਕਤਾ ਸਾਡੀ ਤਾਕਤ ਹੈ, ਵੰਡ ਸਾਡੀ ਕਮਜ਼ੋਰੀ।" ਨਵੀਂ ਸਰਕਾਰ ਸਾਹਮਣੇ ਸੱਭ ਤੋਂ ਵੱਡੀਆਂ ਚੁਨੌਤੀ ਆਂ ਆਰਥਕ ਤਾ ਨੂੰ ਸੰਭਾਲਣਾ ਅਤੇ ਸੁਸ਼ਾਸਨ ਯਕੀਨੀ ਬਣਾਉਣਾ ਹਨ।

## ਪਾਕਿਸਤਾਨ ਵਿਚ ਨਿਕਾਹ ਕਰਵਾਉਣ ਵਾਲੀ ਸਰਬਜੀਤ ਕੌਰ ਦਾ ਬਿਆਨ ਆਇਆ ਸਾਹਮਣੇ

ਕਰਾਚੀ : ਪੰਜਾਬ ਤੋਂ ਪਾਕਿਸਤਾਨ ਗਈ ਸਰਬਜੀਤ ਕੌਰ ਦਾ ਰਿਹਾਈ ਤੋਂ ਬਾਅਦ ਦਾ ਇੱਕ ਵੀਡੀਓ ਸਾਹਮਣੇ ਆਇਆ ਹੈ, ਜੋ ਉਸ ਦੀ ਖੁਸ਼ੀ ਨੂੰ ਸਾਫ਼-ਸਾਫ਼ ਦਰਸਾਉਂਦਾ ਹੈ। ਉਸ ਨੇ ਪਾਕਿਸਤਾਨੀ ਮੀਡੀਆ ਨਾਲ ਗੱਲ ਕਰਦੇ ਹੋਏ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਉਸ ਦਾ ਪਤੀ ਨਾਸਿਰ ਹੁਸੈਨ ਵੀ ਨਾਲ ਨਜ਼ਰ ਆਇਆ। ਸਰਬਜੀਤ ਨੇ ਕਿਹਾ ਕਿ 'ਮੇਰਾ ਪਿਆਰ ਸੱਚਾ ਸੀ, 8 ਸਾਲ ਬਾਅਦ ਮੇਰੀ ਮੁਹੱਬਤ ਸਫ਼ਲ ਹੋਈ। ਭਾਵੇਂ ਉਸ ਦੇ ਦੰਦ ਨਾ ਵੀ ਰਹਿੰਦੇ ਤਾਂ ਵੀ ਉਹ ਪਾਕਿਸਤਾਨ ਆਉਂਦੀ। ਸਰਬਜੀਤ ਨੇ ਕਿਹਾ ਕਿ ਉਹ ਹੁਣ ਆਪਣੀ ਬਾਕੀ ਦੀ ਜ਼ਿੰਦਗੀ ਪਾਕਿਸਤਾਨ ਵਿੱਚ ਖੁਸ਼ੀ ਨਾਲ ਗੁਜ਼ਾਰੇਗੀ। ਜ਼ਿਕਰਯੋਗ ਹੈ ਕਿ ਕਪੂਰਥਲਾ ਦੇ ਪਿੰਡ ਅਮਾਨੀਪੁਰ ਦੀ ਵਸਨੀਕ ਸਰਬਜੀਤ ਕੌਰ, 4 ਨਵੰਬਰ, 2025 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ 1,932 ਸ਼ਰਧਾਲੂਆਂ ਦੇ ਜਥੇ ਨਾਲ ਅਟਾਰੀ ਸਰਹੱਦ ਰਾਹੀਂ ਅੰਮ੍ਰਿਤਸਰ ਤੋਂ ਪਾਕਿਸਤਾਨ ਗਈ ਸੀ। ਇਹ ਸਿੱਖ ਜਥਾ 10 ਦਿਨ ਪਾਕਿਸਤਾਨ ਵਿੱਚ ਰਿਹਾ ਅਤੇ 13 ਨਵੰਬਰ ਨੂੰ ਭਾਰਤ ਵਾਪਸ ਆਇਆ ਪਰ ਸਰਬਜੀਤ ਕੌਰ ਨਹੀਂ ਆਈ ਉਸ ਨੇ ਉਥੇ ਨਾਸਿਰ ਹੁਸੈਨ ਨਾਲ ਨਿਕਾਹ ਕਰਵਾ ਲਿਆ।



# ਲਾਹੌਰ ਦੇ ਗੁਰਦਵਾਰਾ ਸਾਹਿਬ 'ਚ 80 ਸਾਲਾਂ ਬਾਅਦ ਅਰਦਾਸ

## 1947 ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਕਮੀ ਕਾਰਨ ਗੁਰਦੁਆਰਾ ਸਾਹਿਬ ਹੋ ਗਿਆ ਸੀ ਬੰਦ: ਡਾ. ਬੁਤਾਲੀਆ



ਚੰਡੀਗੜ੍ਹ : ਲਾਹੌਰ ਦੇ ਮਾਲ ਰੋਡ ਸਥਿਤ ਐਚਿਸਨ ਕਾਲਜ ਕੰਪਲੈਕਸ ਵਿਚ ਸਥਿਤ ਪੁਰਾਤਨ ਗੁਰਦੁਆਰਾ ਸਾਹਿਬ ਵਿਚ 80 ਸਾਲਾਂ ਬਾਅਦ ਕੱਲ੍ਹ ਇਕ ਇਤਿਹਾਸਕ ਅਤੇ ਭਾਵਨਾਤਮਕ ਸਿੱਖ ਸ਼ਬਦ ਕੀਰਤਨ ਕਰਵਾਇਆ ਅਤੇ ਅਰਦਾਸ ਕੀਤੀ ਗਈ। ਇਸ ਧਾਰਮਕ ਅਤੇ ਗੌਰਵਮਈ ਮੌਕੇ 'ਤੇ ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਸਮੇਤ ਸਥਾਨਕ ਸਿੱਖ ਸੰਗਤ ਅਤੇ ਹੋਰ ਪ੍ਰਮੁੱਖ ਹਸਤੀਆਂ ਹਾਜ਼ਰ ਸਨ। ਇਹ ਜਾਣਕਾਰੀ ਦਿੰਦਿਆਂ ਡਾ. ਤਰੁਣਜੀਤ ਸਿੰਘ ਬੁਤਾਲੀਆ, ਜਿਨ੍ਹਾਂ ਨੇ ਕਾਲਜ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਕਰਵਾਇਆ, ਨੇ ਦਸਿਆ ਕਿ ਸਥਾਨਕ ਰਾਗੀ ਜਥੇ ਵਿਚ ਸ਼ਾਮਲ ਹਰਵਿੰਦਰ ਸਿੰਘ, ਅਕਸ਼ੈਦੀਪ ਸਿੰਘ ਅਤੇ ਦਲੀਪ ਸਿੰਘ ਵਲੋਂ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਦਾ ਰਸ-ਭਿੰਨਾ ਕੀਰਤਨ ਸਰਵਣ ਕਰਵਾਇਆ ਗਿਆ। ਉਨ੍ਹਾਂ ਅੱਗੇ ਦਸਿਆ ਕਿ ਸਾਲ 1947 ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਕਮੀ ਕਾਰਨ ਇਹ ਗੁਰਦੁਆਰਾ ਸਾਹਿਬ ਬੰਦ ਹੋ ਗਿਆ ਸੀ ਪਰ ਇਸ ਦੀ ਦੇਖਭਾਲ ਕਾਲਜ ਪ੍ਰਸ਼ਾਸਨ ਵਲੋਂ ਨਿਰੰਤਰ ਕੀਤੀ ਜਾਂਦੀ ਰਹੀ। ਇਹ ਵਿਸ਼ੇਸ਼ ਸ਼ਬਦ ਕੀਰਤਨ ਕਾਲਜ ਦੀ 140ਵੀਂ ਵਰ੍ਹੇਗੰਢ ਦੇ ਸਬੰਧ ਵਿਚ ਆਯੋਜਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਕਾਲਜ ਦੀ ਨੀਂਹ 3 ਨਵੰਬਰ 1886 ਨੂੰ ਅਣਵੰਡੇ ਪੰਜਾਬ ਦੇ ਸ਼ਾਹੀ ਅਤੇ ਪ੍ਰਮੁੱਖ ਪ੍ਰਵਾਰਾਂ ਨੂੰ ਉੱਚ ਸਿਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਰੱਖੀ ਗਈ ਸੀ। ਰਿਕਾਰਡ ਅਨੁਸਾਰ ਐਚਿਸਨ ਦੇ ਗੁਰਦੁਆਰਾ ਸਾਹਿਬ ਦਾ ਡਿਜ਼ਾਈਨ ਤੱਤਕਾਲੀਨ ਮੇਯੋ ਸਕੂਲ ਆਫ਼ ਆਰਟਸ (ਮੌਜੂਦਾ ਨੈਸ਼ਨਲ ਕਾਲਜ ਆਫ਼ ਆਰਟਸ) ਦੇ ਪ੍ਰਸਿੱਧ ਸਿੱਖ ਵਾਸਤੂਕਾਰ ਸਰਦਾਰ ਰਾਮ ਸਿੰਘ ਵਲੋਂ ਤਿਆਰ ਕੀਤਾ ਗਿਆ ਸੀ। ਡਾ. ਬੁਤਾਲੀਆ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਦੀ ਨੀਂਹ 1910 ਵਿਚ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਵਲੋਂ ਰੱਖੀ ਗਈ ਸੀ। ਉਹ ਖ਼ੁਦ 1904 ਤੋਂ 1908 ਤਕ ਇਸ ਕਾਲਜ ਦੇ ਵਿਦਿਆਰਥੀ ਵੀ ਰਹੇ ਸਨ। ਇਸ ਤੋਂ ਅਗਲੇ ਦੋ ਸਾਲਾਂ ਵਿਚ ਗੁਰਦੁਆਰਾ ਭਵਨ ਦਾ ਨਿਰਮਾਣ ਪੂਰਾ ਹੋ ਗਿਆ ਅਤੇ ਇਸ ਨੂੰ ਇਕ ਸਰਗਰਮ ਧਾਰਮਕ ਸਥਾਨ ਵਜੋਂ ਸਮਰਪਿਤ ਕੀਤਾ ਗਿਆ ਜਿਥੇ ਸਿੱਖ ਵਿਦਿਆਰਥੀ ਰੋਜ਼ਾਨਾ ਸ਼ਾਮ ਨੂੰ ਸ਼ਬਦ ਕੀਰਤਨ ਅਤੇ ਅਰਦਾਸ ਵਿਚ ਹਿੱਸਾ ਲੈਂਦੇ ਸਨ।

# ਅਫ਼ਰੀਕੀ ਦੇਸ਼ ਘਾਨਾ 'ਚ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ

ਅੱਕਰਾ (ਘਾਨਾ): ਅਫ਼ਰੀਕੀ ਦੇਸ਼ ਘਾਨਾ ਵਿੱਚ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ ਗਿਆ ਹੈ, ਜੋ ਸੱਭਿਆਚਾਰਕ ਏਕਤਾ ਦਾ ਪ੍ਰਤੀਕ ਬਣਿਆ ਹੈ। ਇਸ ਨੂੰ 'ਸਾਹਿਬ ਦਾ ਗੁਰਦੁਆਰਾ' ਨਾਮ ਦਿੱਤਾ ਗਿਆ ਹੈ ਅਤੇ 8 ਫਰਵਰੀ ਨੂੰ ਈਸਟ ਲੇਗਨ ਖੇਤਰ ਵਿੱਚ ਇਸ ਦਾ ਉਦਘਾਟਨ ਕੀਤਾ ਗਿਆ। ਗੁਰਦੁਆਰਾ ਸਿਰਫ਼ ਇਬਾਦਤ ਦਾ ਸਥਾਨ ਨਹੀਂ, ਸਗੋਂ ਆਤਮਕ ਸਿੱਖਿਆ, ਸਮਾਜਿਕ ਸੇਵਾ ਅਤੇ ਨਿੱਜੀ ਵਿਕਾਸ ਦਾ ਕੇਂਦਰ ਵੀ ਹੋਵੇਗਾ। ਸਿੱਖ ਧਰਮ ਦੀ ਕੇਂਦਰੀ ਪਰੰਪਰਾ ਲੰਗਰ, ਜਿੱਥੇ ਹਰ ਧਰਮ ਅਤੇ ਜਾਤ ਜਾਂ ਦਰਜੇ ਤੋਂ ਉਪਰ ਉਠ ਕੇ ਮੁਫ਼ਤ ਭੋਜਨ ਮਿਲਦਾ ਹੈ, ਇੱਥੇ ਵੀ ਜਾਰੀ ਰਹੇਗੀ। ਉਦਘਾਟਨ ਸਮਾਰੋਹ ਵਿੱਚ ਅਮਰਦੀਪ ਸਿੰਘ ਹਰੀ, ਜੋ IPMC ਦੇ ਚੇਅਰਮੈਨ ਹਨ, ਨੇ ਗੁਰੂ ਨਾਨਕ ਦੇਵ ਜੀ ਵੱਲੋਂ 15ਵੀਂ ਸਦੀ ਵਿੱਚ ਸਿੱਖ ਧਰਮ ਦੀ ਸਥਾਪਨਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਇੱਕ ਪਰਮਾਤਮਾ ਅਤੇ ਸਭ ਮਨੁੱਖਾਂ ਦੀ ਸਮਾਨਤਾ ਦੇ ਸਿਧਾਂਤ 'ਤੇ ਅਧਾਰਿਤ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਦੁਨੀਆ ਭਰ ਦੇ ਗੁਰਦੁਆਰੇ ਸਿੱਖਾਂ ਅਤੇ ਗੈਰ-ਸਿੱਖਾਂ ਦੋਵਾਂ ਲਈ ਖੁੱਲ੍ਹੇ ਹਨ ਅਤੇ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਕੰਮ ਕਰਦੇ ਹਨ। ਭਾਰਤੀ ਭਾਈਚਾਰੇ ਦੀ ਘਾਨਾ ਵਿੱਚ ਮੌਜੂਦਗੀ 1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਹੈ, ਜਦੋਂ ਸਿੰਧੀ ਵਪਾਰੀ ਇੱਥੇ ਆ ਕੇ ਵਪਾਰ ਅਤੇ ਉਦਯੋਗ ਖੇਤਰ ਵਿੱਚ ਆਪਣੀ ਪਛਾਣ ਬਣਾਉਣ ਲੱਗੇ। ਬਾਅਦ ਵਿੱਚ ਪੰਜਾਬੀ ਸਿੱਖ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਆਫ ਘਾਨਾ ਵਿੱਚ ਅਕਾਦਮਿਕ ਅਹੁਦੇ ਸੰਭਾਲੇ। ਸਮੇਂ ਦੇ ਨਾਲ, ਭਾਰਤੀ ਭਾਈਚਾਰਾ ਸਟੀਲ, ਫਾਰਮਾਸਿਊਟਿਕਲ ਅਤੇ ਆਈ.ਟੀ. ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਆ ਰਿਹਾ ਹੈ। ਅੱਜ ਘਾਨਾ ਵਿੱਚ ਭਾਰਤ ਦੇ 28 ਰਾਜਾਂ ਤੋਂ ਆਏ ਲੋਕ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਹਨ।



# ਅਮਰੀਕਾ ਵਿਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ 24 ਸਾਲ ਦੀ ਸਜ਼ਾ

## ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਬਾਰੇ ਨਿਖਿਲ ਨੇ ਕਬੂਲੇ ਦੋਸ਼



ਨਿਊਯਾਰਕ : ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ 24 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਏਐਨਆਈ ਦੀ ਇੱਕ ਰਿਪੋਰਟ ਦੇ ਅਨੁਸਾਰ, ਨਿਖਿਲ ਨੇ ਸ਼ੁੱਕਰਵਾਰ ਨੂੰ ਅਮਰੀਕਾ ਦੇ ਨਿਊਯਾਰਕ ਦੀ ਇੱਕ ਅਦਾਲਤ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ। 29 ਮਈ ਨੂੰ ਰਸਮੀ ਸਜ਼ਾ ਦਾ ਐਲਾਨ ਕੀਤਾ ਜਾਵੇਗਾ। ਐਫਬੀਆਈ ਨੇ ਨਿਖਿਲ ਗੁਪਤਾ ਦੇ ਕਬੂਲ ਕੀਤਾ ਬਿਆਨ ਐਕਸ 'ਤੇ ਪੋਸਟ ਕੀਤਾ। ਐਫਬੀਆਈ ਦੇ ਅਨੁਸਾਰ, ਇੱਕ ਅਮਰੀਕੀ ਨਾਗਰਿਕ ਦੀ ਹੱਤਿਆ ਦੀ ਸਾਜ਼ਿਸ਼ ਰਚੀ ਗਈ ਸੀ, ਪਰ ਇਸ ਨੂੰ ਅਮਰੀਕੀ ਏਜੰਸੀਆਂ ਨੇ ਸਮੇਂ ਸਿਰ ਨਾਕਾਮ ਕਰ ਦਿੱਤਾ। ਅਮਰੀਕੀ ਅਟਾਰਨੀ ਦਫ਼ਤਰ ਦੇ ਇੱਕ ਬਿਆਨ ਦੇ ਅਨੁਸਾਰ, ਨਿਖਿਲ ਗੁਪਤਾ ਨੇ ਕਿਰਾਏ ਲਈ ਕਤਲ, ਕਿਰਾਏ ਲਈ ਕਤਲ ਕਰਨ ਦੀ ਸਾਜ਼ਿਸ਼, ਅਤੇ ਮਨੀ ਲਾਂਡਰਿੰਗ ਕਰਨ ਦੀ ਸਾਜ਼ਿਸ਼ ਵਰਗੇ ਆਰੋਪਾਂ ਨੂੰ ਸਵੀਕਾਰ ਕਰ ਲਿਆ। ਨਿਖਿਲ ਗੁਪਤਾ ਨੂੰ ਚੈੱਕ ਗਣਰਾਜ ਪੁਲਿਸ ਨੇ 30 ਜੂਨ, 2023 ਨੂੰ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਬਾਅਦ ਵਿੱਚ ਉਸ ਨੂੰ 14 ਜੂਨ, 2024 ਨੂੰ ਅਮਰੀਕਾ ਭੇਜ ਦਿੱਤਾ ਗਿਆ ਸੀ।

# ਕੁਝ ਰੁਪਏ ਦੇ ਲਾਲਚ ’ਚ ਗੁਆਚਿਆ ਬਚਪਨ, ਸਰਹੱਦ ’ਤੇ ਤਸਕਰੀ ਲਈ ਇਸਤੇਮਾਲ ਕਰ ਰਹੇ ਤਸਕਰ

ਮੋਹਾਲੀ: ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਤਸਕਰੀ ਦਾ ਚਿਹਰਾ ਹੋਰ ਵੀ ਭਿਆਨਕ ਹੁੰਦਾ ਜਾ ਰਿਹਾ ਹੈ। ਪੁਲਿਸ ਇਨਪੁਟ ਦੇ ਅਨੁਸਾਰ, ਤਸਕਰ ਹੁਣ ਕਿਸ਼ੋਰਾਂ ਅਤੇ ਸਕੂਲੀ ਬੱਚਿਆਂ ਨੂੰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਸਪਲਾਈ ਕਰਨ ਲਈ ਥੋੜ੍ਹੀਆਂ ਜਿਹੀਆਂ ਰਕਮਾਂ ਦਾ ਲਾਲਚ ਦੇ ਰਹੇ ਹਨ। ਇਹ ਨਾ ਸਿਰਫ਼ ਉਨ੍ਹਾਂ ਦੇ ਬਚਪਨ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਅਪਰਾਧਿਕ ਗਤੀਵਿਧੀਆਂ ਵਿੱਚ ਵੀ ਸ਼ਾਮਲ ਕਰ ਰਿਹਾ ਹੈ। ਸੂਤਰਾਂ ਅਨੁਸਾਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਪੇਂਡੂ ਖੇਤਰਾਂ ਵਿੱਚ ਸਕੂਲ ਛੱਡਣ ਦੀ ਵਧਦੀ ਦਰ ਬਾਰੇ ਚਿੰਤਾਵਾਂ ਉਭਰ ਕੇ ਸਾਹਮਣੇ ਆਈਆਂ ਹਨ। ਇਹ ਖਦਸ਼ਾ ਹੈ ਕਿ ਕੁਝ ਬੱਚੇ ਆਪਣੀ ਪੜ੍ਹਾਈ ਛੱਡ ਕੇ ਤਸਕਰੀ ਦੇ ਨੈੱਟਵਰਕਾਂ ਵਿੱਚ ਸ਼ਾਮਲ ਹੋ ਰਹੇ ਹਨ। ਇਸ ਗੰਭੀਰ ਜਾਣਕਾਰੀ ਤੋਂ ਬਾਅਦ ਰਾਜ ਸਰਕਾਰ ਨੇ ਸਰਹੱਦੀ ਖੇਤਰਾਂ ਵਿੱਚ ਸਕੂਲ ਛੱਡਣ ਵਾਲਿਆਂ ਦੀ ਵਿਸਤ੍ਰਿਤ ਮੈਪਿੰਗ ਕਰਨ ਦਾ ਫੈਸਲਾ ਕੀਤਾ ਹੈ। ਹਾਲ ਹੀ ਵਿੱਚ, ਮੁੱਖ ਮੰਤਰੀ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਵਿਚਕਾਰ ਇੱਕ ਉੱਚ-ਪੱਧਰੀ ਮੀਟਿੰਗ ਵਿੱਚ ਇਸ ਮੁੱਦੇ ’ਤੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਸੀ। ਮੀਟਿੰਗ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ’ਤੇ ਨਕੇਲ ਕੱਸਣ ਦੀਆਂ ਰਣਨੀਤੀਆਂ ਦੇ ਨਾਲ-ਨਾਲ ਕਿਸ਼ੋਰਾਂ ਨੂੰ ਇਸ ਜਾਲ ਤੋਂ ਬਚਾਉਣ ਦੇ ਉਪਾਵਾਂ ’ਤੇ ਚਰਚਾ ਕੀਤੀ ਗਈ ਸੀ। ਸਰਕਾਰ ਨੇ ਸਿੱਖਿਆ ਵਿਭਾਗ ਨੂੰ ਸੰਵੇਦਨਸ਼ੀਲ ਖੇਤਰਾਂ



ਵਿੱਚ ਸਕੂਲ ਛੱਡਣ ਵਾਲਿਆਂ ਦਾ ਡੇਟਾ ਇਕੱਠਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਨਿਰਧਾਰਤ ਕੀਤਾ ਜਾਵੇਗਾ ਕਿ ਕਿੰਨੇ ਬੱਚੇ ਸਕੂਲ ਛੱਡ ਗਏ, ਕਿਹੜੇ ਹਾਲਾਤਾਂ ਵਿੱਚ ਅਤੇ ਉਹ ਇਸ ਸਮੇਂ ਕੀ ਕਰ ਰਹੇ ਹਨ। ਲੋੜ ਪੈਣ ’ਤੇ ਮਾਪਿਆਂ ਨਾਲ ਵੀ ਸੰਪਰਕ ਕੀਤਾ ਜਾਵੇਗਾ। ਪੁਲਿਸ ਦੇ ਅਨੁਸਾਰ ਤਸਕਰ ਸਰਹੱਦ ਪਾਰ ਤੋਂ ਆਉਣ ਵਾਲੇ ਨਸ਼ਿਆਂ ਅਤੇ ਹਥਿਆਰਾਂ ਦੀ ਖੇਪ ਪਹੁੰਚਾਉਣ ਲਈ ਕਿਸ਼ੋਰਾਂ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਦੀ ਛੋਟੀ ਉਮਰ ਉਨ੍ਹਾਂ ਨੂੰ ਘੱਟ ਸ਼ੱਕੀ ਬਣਾਉਂਦੀ ਹੈ, ਕਿਹੜੇ ਗਿਰੋਹ ਉਨ੍ਹਾਂ ਨੂੰ ਅੱਗੇ ਵਧਾਉਣ ਲਈ ਫਾਇਦਾ ਉਠਾਉਂਦੇ ਹਨ। ਵਿੱਤੀ ਪ੍ਰੇਰਨਾ ਅਤੇ ਦਬਾਅ ਦੋਵਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸਥਿਤੀ ਨੂੰ ਹੱਲ ਕਰਨ ਲਈ, ਸਰਕਾਰ ਨੇ ਸਰਹੱਦੀ ਖੇਤਰਾਂ ਵਿੱਚ ਕਿਸ਼ੋਰਾਂ ਅਤੇ ਨੌਜਵਾਨਾਂ ਲਈ ਕਰੀਅਰ ਕਾਉਂਸਲਿੰਗ ਪ੍ਰੋਗਰਾਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਸਿੱਖਿਆ ਵਿਭਾਗ ਨੂੰ ਇਸ ਸਬੰਧ ਵਿੱਚ ਇੱਕ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਦੇਸ਼ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਅਤੇ ਉਨ੍ਹਾਂ ਨੂੰ ਤਸਕਰਾਂ ਦੇ ਜਾਲ ਵਿੱਚ ਫਸਣ ਤੋਂ ਰੋਕਣਾ ਹੈ। ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਵੀ ਕਿਸ਼ੋਰਾਂ ਨੂੰ ਸਮਾਜ ਵਿਰੋਧੀ ਤੱਤਾਂ ਦੇ ਪ੍ਰਭਾਵ ਦਾ ਸ਼ਿਕਾਰ ਨਾ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਇਸ ਜਾਲ ਵਿੱਚ ਫਸਣ ਵਾਲਿਆਂ ਨੂੰ ਨਜ਼ਦੀਕੀ ਪੁਲਿਸ ਸਟੇਸ਼ਨ ਜਾਂ ਚੌਕੀ ਵਿੱਚ ਆਤਮ ਸਮਰਪਣ ਕਰਨ ਦੀ ਅਪੀਲ ਕੀਤੀ। ਪੁਲਿਸ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਵਾਪਸ ਲਿਆਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ। ਸਰਕਾਰ ਅਤੇ ਪੁਲਿਸ ਦਾ ਮੰਨਣਾ ਹੈ ਕਿ ਸਮੇਂ ਸਿਰ ਦਖਲਅੰਦਾਜ਼ੀ ਇਸ ਵਧ ਰਹੇ ਰੁਝਾਨ ਨੂੰ ਰੋਕ ਸਕਦੀ ਹੈ, ਜਿਸ ਨਾਲ ਸਰਹੱਦੀ ਖੇਤਰਾਂ ਲਈ ਇੱਕ ਸੁਰੱਖਿਅਤ ਭਵਿੱਖ ਯਕੀਨੀ ਬਣਾਇਆ ਜਾ ਸਕਦਾ ਹੈ।

# ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਜੁੱਤੀਆਂ ਸਮੇਤ ਦਿਖਾਇਆ ਨੌਜਵਾਨ

## ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ ’ਤੇ ਸਾਈਬਰ ਕ੍ਰਾਈਮ ਪੁਲਿਸ ਦੀ ਕਾਰਵਾਈ; ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਲੱਗੇ ਦੋਸ਼

ਅੰਮ੍ਰਿਤਸਰ: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲੀਆਂ ਤਿੰਨ ਆਰਟੀਫੀਸ਼ੀਅਲ ਇੰਟੈਲੀਜੈਂਸ ਜਨਰੇਟਿਡ ਵਿਵਾਦਿਤ ਵੀਡੀਓਜ਼ ਸਾਹਮਣੇ ਆਉਣ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਨੇ ਸਖ਼ਤ ਕਾਰਵਾਈ ਕੀਤੀ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ’ਤੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ 299, 353(2) ਅਤੇ 353(3) ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਵੀਡੀਓ ਵਿੱਚ ਇੱਕ ਨੌਜਵਾਨ ਨੂੰ ਪਵਿੱਤਰ ਪਰਿਕਰਮਾ ਵਿੱਚ ਜੁੱਤੀਆਂ ਪਾ ਕੇ ਖੜ੍ਹਾ ਦਿਖਾਇਆ ਗਿਆ ਹੈ। ਇੰਨਾ ਹੀ ਨਹੀਂ ਵੀਡੀਓ ਵਿੱਚ ਇੱਕ ਕਾਰ ਨੂੰ ਪਰਿਕਰਮਾ ਦੇ ਅੰਦਰ ਦਾਖਲ ਹੁੰਦੇ ਦਿਖਾਇਆ ਗਿਆ,ਜਿਸ ਵਿੱਚ ਬੈਠ ਕੇ ਉਹ ਨੌਜਵਾਨ ਬਾਹਰ ਜਾਂਦਾ ਨਜ਼ਰ ਆਉਂਦਾ ਹੈ। ਜਦਕਿ ਦੂਜੀ ਵੀਡੀਓ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਸਰੂਪ ਅਤੇ ਦ੍ਰਿਸ਼ਾਂ ਨੂੰ 19 ਰਾਹੀਂ ਬਦਲ ਕੇ ਪੇਸ਼ ਕੀਤਾ ਗਿਆ ਹੈ, ਜੋ ਸਿੱਖ ਰਹਿਤ ਮਰਿਆਦਾ ਦੇ ਸਖ਼ਤ ਖਿਲਾਫ਼ ਹੈ। ਤੀਜੀ ਵੀਡੀਓ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇੱਕ ਜੋੜੇ ਨੂੰ ਬਹੁਤ ਹੀ ਇਤਰਾਜ਼ਯੋਗ ਹਰਕਤਾਂ ਕਰਦੇ ਦਿਖਾਇਆ ਗਿਆ ਹੈ,ਜਿਸ ਕਾਰਨ ਸੰਗਤ ਵਿੱਚ ਭਾਰੀ ਰੋਸ ਹੈ। SGPC ਨੇ ਇਨ੍ਹਾਂ ਵੀਡੀਓਜ਼ ਦੇ ਵਾਇਰਲ ਹੋਣ ਤੋਂ ਤੁਰੰਤ ਬਾਅਦ ਪੁਲਿਸ ਕਮਿਸ਼ਨਰ ਨੂੰ ਦੋ ਵੱਖ-ਵੱਖ ਸ਼ਿਕਾਇਤਾਂ ਦਿੱਤੀਆਂ ਸਨ। ਕਮੇਟੀ ਨੇ ਉਹ




ਇੰਸਟਾਗ੍ਰਾਮ ਲਿੰਕ ਵੀ ਪੁਲਿਸ ਨੂੰ ਸੌਂਪੇ ਹਨ ਜਿੱਥੋਂ ਇਹ ਸਮੱਗਰੀ ਅਪਲੋਡ ਕੀਤੀ ਗਈ ਸੀ। 19 ਤਕਨੀਕ ਰਾਹੀਂ ਸਿੱਖ ਇਤਿਹਾਸ ਅਤੇ ਮਰਿਆਦਾ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਦੇ ਵੱਧਦੇ ਮਾਮਲਿਆਂ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇੱਕ ਵਿਸ਼ੇਸ਼ ਉਪ-ਕਮੇਟੀ ਦਾ ਗਠਨ ਕੀਤਾ ਹੋਇਆ ਹੈ। 13 ਅਕਤੂਬਰ 2025 ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ, ਇਹ ਕਮੇਟੀ ਮਾਹਿਰਾਂ ਦੀ ਸਲਾਹ ਲੈ ਕੇ ਅਜਿਹੇ ਡਿਜੀਟਲ ਕੰਟੈਂਟ ’ਤੇ ਰੋਕ ਲਗਾਉਣ ਲਈ ਠੋਸ ਨੀਤੀ ਤਿਆਰ ਕਰ ਰਹੀ ਹੈ ਤਾਂ ਜੋ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾ ਹੋ ਸਕੇ।

# ਸਿੱਧੂ ਮੂਸੇਵਾਲਾ ਦੇ ਘਰ ਦੀ ਰੇਕੀ ਕਰਨ ਵਾਲਾ ਬੌਬੀ ਕਬੂਤਰ ਗ੍ਰਿਫ਼ਤਾਰ, ਲਾਰੈਂਸ ਗੈਂਗ ਦਾ ਹੈ ਗੁਰਗਾ

## ਮੁਲਜ਼ਮ ਦਿੱਲੀ ਅਤੇ ਉੱਤਰ ਪ੍ਰਦੇਸ਼ ਵਿੱਚ ਕਈ ਕਤਲ ਮਾਮਲਿਆਂ ਵਿੱਚ ਸੀ ਲੋੜੀਂਦਾ

ਚੰਡੀਗੜ੍ਹ : ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਗੁਰੂਗ੍ਰਾਮ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਰੇਕੀ ਕਰਨ ਵਾਲੇ ਬਦਨਾਮ ਅਪਰਾਧੀ ਬੌਬੀ ਕਬੂਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਭਗੌੜੇ ਅਪਰਾਧੀ ਦੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧ ਹਨ। ਬੌਬੀ ਕਬੂਤਰ ਦਿੱਲੀ ਅਤੇ ਉੱਤਰ ਪ੍ਰਦੇਸ਼ ਵਿੱਚ ਕਈ ਕਤਲ ਮਾਮਲਿਆਂ ਵਿੱਚ ਲੋੜੀਂਦਾ ਸੀ, ਜਿਨ੍ਹਾਂ ਵਿੱਚ ਮਕੋਕਾ ਅਤੇ ਐਨਆਈਏ ਅਧੀਨ ਮਾਮਲੇ ਸ਼ਾਮਲ ਹਨ। ਉੱਤਰ ਪੂਰਬੀ ਦਿੱਲੀ ਵਿੱਚ ਇੱਕ ਵੱਡੇ ਗੈਂਗਸਟਰ ਵਜੋਂ ਜਾਣੇ ਜਾਂਦੇ ਬੌਬੀ ਕਬੂਤਰ ਦਾ ਇੱਕ ਲੰਮਾ ਅਪਰਾਧਿਕ ਰਿਕਾਰਡ ਹੈ ਅਤੇ ਉਸ ਉੱਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਸੰਗਠਿਤ ਅਪਰਾਧ ਸਮੇਤ ਕਈ ਗੰਭੀਰ ਦੋਸ਼ ਹਨ। ਜਾਂਚ ਤੋਂ ਪਤਾ ਲੱਗਾ ਕਿ ਬੌਬੀ ਕਬੂਤਰ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਵਿੱਚ ਮੌਜੂਦ ਸੀ। ਉਸ ਨੇ ਆਪਣੇ ਸਾਥੀ ਗੈਂਗਸਟਰ ਸ਼ਾਹਰੁਖ ਨਾਲ ਮਿਲ ਕੇ ਗਾਇਕ ਦੇ ਕਤਲ ਤੋਂ ਪਹਿਲਾਂ ਇਲਾਕੇ ਦੀ ਰੇਕੀ ਕੀਤੀ ਸੀ।

ਗਾਇਕ ਦੇ ਕਤਲ ਤੋਂ ਬਾਅਦ ਹੀ ਉਹ ਪੁਲਿਸ ਦੀਆਂ ਨਜ਼ਰਾਂ ਤੋਂ ਬਚਦਾ ਰਿਹਾ। ਉਸ ਦੀ ਗ੍ਰਿਫ਼ਤਾਰੀ ਨਾਲ ਸਿੱਧੂ ਮੂਸੇਵਾਲਾ ਕਤਲ ਕੇਸ ਨਾਲ ਸਬੰਧਤ ਕਈ ਹੋਰ ਮਹੱਤਵਪੂਰਨ ਸੁਰਾਗ ਮਿਲਣ ਦੀ ਉਮੀਦ ਹੈ।

# ਬੇਅੰਤ ਸਿੰਘ ਕਤਲ ਕਾਂਡ: ਅਦਾਲਤ ਨੇ ਹਵਾਰਾ ਦੀ ਜੇਲ੍ਹ ਬਦਲਣ ਬਾਰੇ ਅਪੀਲ ’ਤੇ ਸੁਣਵਾਈ 11 ਮਾਰਚ ਤੱਕ ਕੀਤੀ ਮੁਲਤਵੀ

## ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ’ਚ ਬਦਲਣ ਦੀ ਕੀਤੀ ਸੀ ਅਪੀਲ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਬੇਅੰਤ ਸਿੰਘ ਕਤਲ ਕਾਂਡ ਦੇ ਮੁਲਜ਼ਮ ਜਗਤਾਰ ਸਿੰਘ ਹਵਾਰਾ ਦੀ ਉਸ ਅਪੀਲ ਉਤੇ ਸੁਣਵਾਈ 11 ਮਾਰਚ ਤਕ ਲਈ ਮੁਲਤਵੀ ਕਰ ਦਿਤੀ, ਜਿਸ ’ਚ ਉਸ ਨੇ ਖ਼ੁਦ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ’ਚ ਬਦਲਣ ਦੀ ਅਪੀਲ ਕੀਤੀ ਸੀ। 1995 ’ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਕਤਲ ਨਾਲ ਸਬੰਧਤ ਮਾਮਲੇ ’ਚ ਬੱਬਰ ਖ਼ਾਲਸਾ ਨਾਲ ਸਬੰਧਤ ਹਵਾਰਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਸਾਲੀਸੀਟਰ ਜਨਰਲ ਤੁਸ਼ਾਰ ਮੇਹਤਾ ਵਲੋਂ ਮੁਲਤਵੀ ਕੀਤੇ ਜਾਣ ਤੋਂ ਬਾਦਅ ਮਾਮਲੇ ਦੀ ਸੁਣਵਾਈ ਨੂੰ ਮੁਲਤਵੀ ਕਰ ਦਿਤਾ।

ਪਿਛਲੇ ਸਾਲ 27 ਸਤੰਬਰ ਨੂੰ ਸੁਪਰੀਮ ਕੋਰਟ ਨੇ




ਹਵਾਰਾ ਦੀ ਅਪੀਲ ’ਤੇ ਕੇਂਦਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਲੀ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਹਵਾਰਾ 31 ਅਗਸਤ, 1995 ਨੂੰ ਚੰਡੀਗੜ੍ਹ ’ਚ ਸਿਵਲ ਸਕੱਤਰੇਤ ਦੇ ਦਰਵਾਜ਼ੇ ’ਤੇ ਹੋਏ ਧਮਾਕੇ ਨਾਲ ਸਬੰਧਤ ਮਾਮਲੇ ’ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਜਿਸ ’ਚ ਬੇਅੰਤ ਸਿੰਘ ਅਤੇ 16 ਹੋਰ ਲੋਕ ਮਾਰੇ ਗਏ ਸਨ। ਸਿਖਰਲੀ ਅਦਾਲਤ ’ਚ ਦਾਇਰ ਅਪੀਲ ’ਚ ਕਿਹਾ ਗਿਆ ਹੈ ਕਿ 22 ਜਨਵਰੀ, 2004 ਨੂੰ ਕਥਿਤ ਤੌਰ ’ਤੇ ਜੇਲ੍ਹ ਤੋਂ ਭੱਜਣ ਅਤੇ ਬਾਅਦ ’ਚ ਗ੍ਰਿਫ਼ਤਾਰ ਹੋਣ ਦੀ ਘਟਨਾ ਨੂੰ ਛੱਡ ਕੇ ਹਵਾਰਾ ਦਾ ਜੇਲ੍ਹ ’ਚ ਵਤੀਰਾ ਬੇਦਾਗ਼ ਰਿਹਾ ਹੈ। ਅਪੀਲ ’ਚ ਕਿਹਾ ਗਿਆ ਹੈ ਕਿ ਉਸ ਦੀ ਬੇਟੀ ਪੰਜਾਬ ’ਚ ਹੈ ਅਤੇ ਹਵਾਰਾ ਦੀ ਪਤਨੀ ਦੀ ਮੌਤ ਹੋ ਚੁਕੀ ਹੈ ਤੇ ਉਸ ਦੀ ਮਾਂ ਅਮਰੀਕਾ ’ਚ ‘ਕੋਮਾ’ ’ਚ ਹੈ।

# ਬਿਹਾਰ ਵਿੱਚ ਸਿੱਖਾਂ ਨੂੰ ਕਿਉਂ ਨਹੀਂ ਮਿਲ ਰਿਹਾ ਘੱਟ ਗਿਣਤੀ ਦਾ ਦਰਜਾ ?

## ਬਿਹਾਰ ਵਿਧਾਨ ਸਭਾ ਵਿੱਚ ਸਿੱਖ ਘੱਟ ਗਿਣਤੀ ਦਰਜੇ ਦਾ ਮੁੱਦਾ ਇੱਕ ਵਾਰ ਫਿਰ ਉਠਾਇਆ ਗਿਆ

ਪਟਨਾ: ਬਿਹਾਰ ਵਿਧਾਨ ਸਭਾ ਵਿੱਚ ਸਿੱਖ ਘੱਟ ਗਿਣਤੀ ਦਰਜੇ ਦਾ ਮੁੱਦਾ ਇੱਕ ਵਾਰ ਫਿਰ ਉਠਾਇਆ ਗਿਆ, ਅਤੇ ਹਮੇਸ਼ਾ ਵਾਂਗ, ਇਸ ਨੂੰ ÷ਸਰਕਾਰ ਇਸ 'ਤੇ ਗੌਰ ਕਰੇਗੀ÷ ਦੇ ਨਾਅਰੇ ਨਾਲ ਟਾਲ ਦਿੱਤਾ ਗਿਆ। ਇਹ ਸਵਾਲ ਭਾਜਪਾ ਵਿਧਾਇਕ ਰਤਨੇਸ਼ ਕੁਸ਼ਵਾਹਾ ਨੇ ਉਠਾਇਆ ਅਤੇ ਜਵਾਬ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਦਿੱਤਾ। ਵੱਡਾ ਸਵਾਲ ਇਹ ਹੈ ਕਿ ਸਰਕਾਰ ਬਿਹਾਰ ਵਿੱਚ ਸਿੱਖਾਂ ਨੂੰ ਘੱਟ ਗਿਣਤੀ ਦਰਜਾ ਦੇਣ 'ਤੇ ਅੱਗੇ ਕਿਉਂ ਨਹੀਂ ਵਧ ਰਹੀ ਹੈ। ਸਮੱਸਿਆ ਕਿੱਥੇ ਹੈ ? ਸਰਕਾਰ ਇਸ ਨੂੰ ਆਸਾਨੀ ਨਾਲ ਸਵੀਕਾਰ ਕਿਉਂ ਨਹੀਂ ਕਰ ਰਹੀ? ਵਿਧਾਇਕ ਰਤਨੇਸ਼ ਕੁਮਾਰ ਨੇ ਵਿਧਾਨ ਸਭਾ ਵਿੱਚ ਕਿਹਾ ਕਿ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਦੇ ਬਾਵਜੂਦ ਬਿਹਾਰ ਵਿੱਚ ਸਿੱਖ ਭਾਈਚਾਰੇ ਨੂੰ ਘੱਟ ਗਿਣਤੀ ਸਰਟੀਫਿਕੇਟ ਪ੍ਰਦਾਨ ਨਹੀਂ ਕੀਤੇ ਜਾਂਦੇ। ਸਮੱਸਿਆ ਇਹ ਹੈ ਕਿ ਕਈ ਥਾਵਾਂ 'ਤੇ ਫਾਰਮ ਭਰਨ ਵੇਲੇ ਦਸਤਾਵੇਜ਼ਾਂ 'ਤੇ ÷ਸਿੱਖ÷ ਲਈ ਕੋਈ ਵਿਕਲਪ ਨਹੀਂ ਹੁੰਦਾ। ਹਾਲਾਂਕਿ ਮੰਤਰੀ ਵਿਜੇ ਚੌਧਰੀ ਨੇ ਸਰਕਾਰ ਵੱਲੋਂ ਜਵਾਬ ਦਿੰਦੇ ਹੋਏ ਕਿਹਾ ਕਿ ਬਿਹਾਰ ਵਿੱਚ ਜਾਤੀ ਸਰਟੀਫਿਕੇਟ ਧਰਮ ਦੇ ਆਧਾਰ 'ਤੇ ਜਾਰੀ ਨਹੀਂ ਕੀਤੇ ਜਾਂਦੇ ਹਨ। ਸਰਕਾਰੀ ਸੇਵਾਵਾਂ ਲਈ ਫਾਰਮਾਂ ਵਿੱਚ ਵੀ ਧਰਮ ਦਾ ਜ਼ਿਕਰ ਨਹੀਂ ਹੈ। ਫਿਰ ਵੀ ਉਨ੍ਹਾਂ ਸਦਨ ਨੂੰ ਭਰੋਸਾ ਦਿੱਤਾ ਕਿ ਸਰਕਾਰ ਇਸ ਮਾਮਲੇ 'ਤੇ ਗੌਰ ਕਰੇਗੀ।



# 328 ਪਾਵਨ ਸਰੂਪਾਂ ਦਾ ਮਾਮਲਾ : ਪੰਜਾਬ ਸਰਕਾਰ ਨੇ ਜਵਾਬ ਦਾਇਰ ਕਰਨ ਲਈ ਮੰਗਿਆ ਸਮਾਂ




ਚੰਡੀਗੜ੍ਹ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਨਾਲ ਸਬੰਧਤ ਮਾਮਲੇ ਵਿੱਚ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ। ਅੱਜ ਦੀ ਸੁਣਵਾਈ ਮੁੱਖ ਤੌਰ 'ਤੇ ਨਵੇਂ ਮੁਲਜ਼ਮ ਜੁਝਾਰ ਸਿੰਘ ਦੀ ਅਗਾਊਂ ਜ਼ਮਾਨਤ ਪਟੀਸ਼ਨ ਅਤੇ ਸਰਕਾਰ ਦੇ ਪੱਖ ਨਾਲ ਸਬੰਧਤ ਸੀ। ਕਾਰਵਾਈ ਦੌਰਾਨ ਪੰਜਾਬ ਸਰਕਾਰ ਨੇ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਆਪਣਾ ਜਵਾਬ ਦਾਇਰ ਕਰਨ ਲਈ ਅਦਾਲਤ ਤੋਂ ਕੁਝ ਹੋਰ ਸਮੇਂ ਦੀ ਮੰਗ ਕੀਤੀ। ਅਦਾਲਤ ਨੇ ਸਰਕਾਰ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 20 ਫਰਵਰੀ 2026 ਲਈ ਤੈਅ ਕੀਤੀ ਹੈ। ਇਸ ਤੋਂ ਪਹਿਲਾਂ, ਹਾਈਕੋਰਟ ਨੇ ਇਸੇ ਮਾਮਲੇ ਵਿੱਚ ਚਾਰ ਹੋਰ ਨਾਮਜ਼ਦ ਵਿਅਕਤੀਆਂ ਕੁਲਵੰਤ ਸਿੰਘ, ਗੁਰਮੁਖ ਸਿੰਘ, ਗੁਰਬਚਨ ਸਿੰਘ ਅਤੇ ਬਾਜ਼ ਸਿੰਘ ਨੂੰ ਅੰਤਰਿਮ ਅਗਾਊਂ ਜ਼ਮਾਨਤ ਦੇ ਦਿੱਤੀ ਸੀ।

# ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬਾਨਾਂ ਦੀਆਂ ਜ਼ਮੀਨਾਂ-ਜਾਇਦਾਦਾਂ ਦੀ ਕੇਅਰ ਟੇਕਰ ਹੈ ਮਾਲਕ ਨਹੀਂ : ਗਿਆਨੀ ਹਰਪ੍ਰੀਤ ਸਿੰਘ

## ਜ਼ਮੀਨਾਂ-ਜਾਇਦਾਦਾਂ ਦਾ ਮਾਲਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਹੈ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅੱਜ ਅੰਮ੍ਰਿਤਸਰ ਵਿਖੇ ਇਕ ਕਾਨਫਰੰਸ ਕੀਤੀ। ਇਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਗੰਭੀਰ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿਹਾ ਕਿ 2002 'ਚ ਇਕ ਬੀਬੀ ਵੱਲੋਂ ਗੁਰਦੁਆਰਾ ਭੱਠਾ ਸਾਹਿਬ ਨੂੰ ਜ਼ਮੀਨ ਦਾਨ ਵਜੋਂ ਦਿੱਤੀ ਗਈ ਸੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਦਾਨ ਵਜੋਂ ਮਿਲੀ ਜ਼ਮੀਨ ਨੂੰ 7000 ਪ੍ਰਤੀ ਗਜ਼ ਦੇ ਹਿਸਾਬ ਨਾਲ ਵੇਚ ਦਿੱਤਾ। ਜਦਕਿ ਇਹ ਜ਼ਮੀਨ ਮੇਨ ਹਾਈਵੇ 'ਤੇ ਪੈਂਦੀ ਹੈ ਅਤੇ ਇਸ ਨੂੰ ਇੰਨੇ ਸਸਤੇ ਰੇਟ 'ਤੇ ਕਿਉਂ ਵੇਚਿਆ ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਦਾ ਮੁੱਦਾ ਚੁੱਕਦੇ ਹੋਏ ਕਿਹਾ ਕਿ ਗਮਾਡਾ ਵੱਲੋਂ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਐਕਵਾਇਰ ਕੀਤੀ ਗਈ ਸੀ ਅਤੇ ਇਸ ਬਦਲੇ ਗਮਾਡਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 39 ਕਰੋੜ 43 ਲੱਖ ਰੁਪਏ ਦਿੱਤੇ। ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਾ ਸਾਹਿਬ ਦੀ ਵੇਚੀ ਗਈ ਜ਼ਮੀਨ ਦਾ ਪੈਸਾ ਗੁਰਦੁਆਰਿਆਂ ਦੀ ਉਸਾਰੀ ਜਾਂ ਲੰਗਰ ਆਦਿ 'ਤੇ ਖਰਚ ਨਹੀਂ ਕੀਤਾ ਜਾ ਸਕਦਾ। ਇਸ ਪੈਸੇ ਦੀ ਸਿਰਫ਼ ਜ਼ਮੀਨ ਹੀ ਖਰੀਦੀ ਜਾ ਸਕਦੀ ਹੈ। ਪਰ ਹੁਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਅੰਬ ਸਾਹਿਬ ਦੇ ਆਸੇ-ਪਾਸੇ ਕਿਤੇ ਕੋਈ ਜ਼ਮੀਨ ਨਹੀਂ ਖਰੀਦੀ ਗਈ। ਉਨ੍ਹਾਂ ਸਵਾਲ ਚੁੱਕਿਆ ਗੁਰਦੁਆਰਾ ਅੰਬ ਕਮੇਟੀ ਕੋਲ 39 ਕਰੋੜ 43 ਲੱਖ ਰੁਪਇਆ ਪਿਆ ਵੀ ਹੈ ਜਾਂ ਨਹੀਂ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸੰਗਤਾਂ ਨੂੰ ਦੱਸਣਾ ਚਾਹੀਦਾ ਹੈ। ਉਨ੍ਹਾਂ ਕਿਹਾ ਜੇਕਰ ਅੰਬ ਸਾਹਿਬ ਦੀ ਕਮੇਟੀ ਕੋਲ ਇਹ ਪੈਸਾ ਪਿਆ ਹੈ ਤਾਂ ਉਸ ਦੀ ਹੁਣ ਤੱਕ ਜ਼ਮੀਨ ਕਿਉਂ ਨਹੀਂ ਖਰੀਦੀ ਗਈ ਅਤੇ ਇਸ ਪੈਸੇ ਨੂੰ ਐਸ.ਜੀ.ਪੀ.ਸੀ. ਹੁਣ ਤੱਕ ਫੰਡਾਂ 'ਚ ਕਿਉਂ ਰੱਖਿਆ। ਕਿਉਂਕਿ ਗਮਾਡਾ ਵੱਲੋਂ 2023 'ਚ ਪੈਸੇ ਦਿੱਤੇ ਗਏ ਸਨ ਅਤੇ ਹੁਣ ਤਿੰਨ ਸਾਲ ਬਾਅਦ ਜ਼ਮੀਨ ਦੇ ਰੇਟ 2023 ਦੇ ਮੁਕਾਬਲੇ ਕਾਫ਼ੀ ਵਧ ਚੁੱਕੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਗੁਰਦੁਆਰਾ ਸਾਹਿਬਾਨਾਂ ਦੀ ਜ਼ਮੀਨਾਂ ਜਾਇਦਾਦਾਂ ਦੀ ਸ਼੍ਰੋਮਣੀ ਕਮੇਟੀ ਮਾਲਕ ਨਹੀਂ ਹੈ, ਉਹ ਸਿਰਫ਼ ਇਨ੍ਹਾਂ ਜਾਇਦਾਦਾਂ ਦੀ ਕੇਅਰ ਟੇਕਰ ਹੈ। ਗੁਰਦੁਆਰਾ ਸਾਹਿਬਾਨਾਂ ਦੀਆਂ ਜ਼ਮੀਨਾਂ ਜਾਇਦਾਦਾਂ ਦਾ ਮਾਲਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੂੰ ਜੇਕਰ ਜ਼ਮੀਨ ਵੇਚਣ ਦੀ ਜ਼ਰੂਰਤ ਪੈਂਦੀ ਵੀ ਹੈ ਤਾਂ ਉਹ ਪਾਰਦਰਸ਼ੀ ਢੰਗ ਨਾਲ ਵੇਚੀ ਜਾਵੇ ਅਤੇ ਉਸ ਦਾ ਹਿਸਾਬ ਸੰਗਤਾਂ ਸਾਹਮਣੇ ਰੱਖਿਆ ਜਾਵੇਗਾ।

# ਭਗਵੰਤ ਮਾਨ ਸਰਕਾਰ ਦੇ ਪੰਜਾਬ ਟਰੇਡ ਕਮਿਸ਼ਨ ਦੀ ਸ਼ੁਰੂਆਤ

## ਵਪਾਰੀਆਂ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਲਈ 10 ਜ਼ਿਲ੍ਹਿਆਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ

ਚੰਡੀਗੜ੍ਹ: ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਵਪਾਰੀ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਉੱਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ 'ਪੰਜਾਬ ਟ ?ਰੇਡ ਕਮਿਸ਼ਨ' ਦੇ ਗਠਨ ਦਾ ਐਲਾਨ ਕੀਤਾ ਹੈ। ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਸ਼ਾਸਨ ਨੂੰ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਪਾਰੀਆਂ ਨੂੰ ਰੁਟੀਨ ਦੀਆਂ ਪ੍ਰਵਾਨਗੀਆਂ, ਵਿਭਾਗੀ ਕਲੀਅਰੈਂਸ ਅਤੇ ਰੋਜ਼ਾਨਾ ਕਾਰੋਬਾਰੀ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਸਾਲਾਂ ਤੋਂ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਮਾਮੂਲੀ ਮੁੱਦਿਆਂ ਲਈ ਵੀ ਕਈ ਦਫ਼ਤਰਾਂ ਵਿਚਾਲੇ ਭੱਜ-ਦੌੜ ਕਰਕੇ ਆਪਣਾ ਕੀਮਤੀ ਸਮਾਂ ਬਰਬਾਦ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਇਹ ਬਦਲਣਾ ਚਾਹੀਦਾ ਹੈ, ਅਤੇ ਮੌਜੂਦਾ ਸਰਕਾਰ ਇਸ ਨੂੰ ਬਦਲਣ ਲਈ ਦ੍ਰਿੜ ਹੈ। ਪੰਜਾਬ ਦੇ ਮੰਤਰੀ ਨੇ ਕਿਹਾ ਕਿ ਪੰਜਾਬ ਟ ?ਰੇਡ ਕਮਿਸ਼ਨ ਵਪਾਰੀ ਭਾਈਚਾਰੇ ਦੇ ਸਮੇਂ, ਮਿਹਨਤ ਅਤੇ ਪੈਸੇ ਦੀ ਬਚਤ ਕਰਨ ਲਈ ਇੱਕ ਸਮਰਪਿਤ ਪਲੇਟਫਾਰਮ ਵਜੋਂ ਕੰਮ ਕਰੇਗਾ। ਇਹ ਉਨ੍ਹਾਂ ਦੇ ਮੁੱਦਿਆਂ ਦੇ ਤੇਜ਼ ਅਤੇ ਸੁਚਾਰੂ ਹੱਲ ਲਈ ਇੱਕ ਸੰਗਠਿਤ ਪ੍ਰਣਾਲੀ, ਸਪੱਸ਼ਟ ਜਵਾਬਦੇਹੀ ਅਤੇ ਸਮਾਂਬੱਧ ਹੱਲ ਪ੍ਰਦਾਨ ਕਰੇਗਾ ਤਾਂ ਜੋ ਸਮੱਸਿਆਵਾਂ ਨੂੰ ਅਣਮਿੱਥੇ ਸਮੇਂ ਲਈ ਲਟਕਦਾ ਨਾ ਛੱਡਿਆ ਜਾਵੇ। ਇਸ ਪਹਿਲਕਦਮੀ ਦੀ ਤਿਆਰੀ ਵਜੋਂ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ, ਮੋਗਾ, ਮਲੇਰਕੋਟਲਾ, ਪਟਿਆਲਾ, ਰੂਪਨਗਰ, ਸੰਗਰੂਰ, ਬਰਨਾਲਾ ਅਤੇ ਬਠਿੰਡਾ ਵਿੱਚ ਸਮੀਖਿਆ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿੱਚ ਸਰਕਾਰੀ ਨੁਮਾਇੰਦਿਆਂ, ਸਥਾਨਕ ਪ੍ਰਸ਼ਾਸਨ ਅਤੇ ਸਬੰਧਤ ਟੀਮਾਂ ਨੇ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਥਾਨਕ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨਾਲ ਕਾਰਜਸ਼ੀਲ ਰੂਪ-ਰੇਖਾ ਅਤੇ ਜ਼ਿਲ੍ਹਾ ਪੱਧਰੀ ਤਾਲਮੇਲ ਬਾਰੇ ਚਰਚਾ ਕੀਤੀ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਪਾਰੀ ਅਤੇ ਛੋਟੇ ਕਾਰੋਬਾਰ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਸਾਡੀ ਸਰਕਾਰ ਅਜਿਹਾ ਪੰਜਾਬ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜਿੱਥੇ ਇਮਾਨਦਾਰ ਕਾਰੋਬਾਰੀ ਕਾਗਜ਼ੀ ਕਾਰਵਾਈ, ਦੇਰੀ ਅਤੇ ਬੇਲੋੜੀ ਪਰੇਸ਼ਾਨੀ ਵਿੱਚ ਫਸਣ ਦੀ ਬਜਾਏ ਆਪਣੇ ਕੰਮ ਦੇ ਵਿਸਥਾਰ 'ਤੇ ਧਿਆਨ ਕੇਂਦਰਿਤ ਕਰ ਸਕਣ। ਮੰਤਰੀ ਨੇ ਦੁਹਰਾਇਆ ਕਿ ਪੰਜਾਬ ਟ ?ਰੇਡ ਕਮਿਸ਼ਨ ਲੋਕ ਸੇਵਾ, ਪਾਰਦਰਸ਼ਤਾ ਅਤੇ ਕਾਰੋਬਾਰ ਕਰਨ ਦੀ ਸੌਖ ਦੀ ਭਾਵਨਾ ਨਾਲ ਬਣਾਇਆ ਜਾਵੇਗਾ। ਇੱਕੋ ਪਲੇਟਫਾਰਮ ਦੇ ਹੇਠਾਂ ਵਪਾਰੀਆਂ ਨੂੰ ਸਹਾਇਤਾ, ਮਾਰਗਦਰਸ਼ਨ ਅਤੇ ਤੁਰੰਤ ਹੱਲ ਮਿਲਣਗੇ, ਜਿਸ ਨਾਲ ਇਹ ਯਕੀਨੀ ਹੋਵੇਗਾ ਕਿ ਸ਼ਾਸਨ ਉਨ੍ਹਾਂ ਦੇ ਵਿਰੁੱਧ ਨਹੀਂ, ਬਲਕਿ ਉਨ੍ਹਾਂ ਦੇ ਹਿੱਤ ਵਿੱਚ ਕੰਮ ਕਰੇ।

# ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਵਿਰੁੱਧ ਗ੍ਰਹਿ ਮੰਤਰਾਲੇ ਵੱਲੋਂ ਮੁਕੱਦਮਾ ਚਲਾਉਣ ਦੀ ਮਨਜ਼ੂਰੀ

ਚੰਡੀਗੜ੍ਹ: ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਸੀਨੀਅਰ ਅਧਿਕਾਰੀਆਂ ਅਨੁਸਾਰ, ਇਸ ਫੈਸਲੇ ਨਾਲ ਹੁਣ ਅਦਾਲਤੀ ਕਾਰਵਾਈ ਦਾ ਰਸਤਾ ਪੂਰੀ ਤਰ੍ਹਾਂ ਸਾਫ਼ ਹੋ ਗਿਆ ਹੈ। ਭੁੱਲਰ ਵਿਰੁੱਧ ਹੁਣ ਭ੍ਰਿਸ਼ਟਾਚਾਰ ਰੋਕੂ ਕਾਨੂੰਨ-1988 (2018 ਵਿੱਚ ਸੋਧੇ ਗਏ) ਅਤੇ ਭਾਰਤੀ ਨਿਆਂ ਸੰਹਿਤਾ (BNS) 2023 ਦੀ ਧਾਰਾ 61 (2) ਤਹਿਤ ਮੁਕੱਦਮਾ ਚੱਲੇਗਾ। ਇਹ ਕਾਰਵਾਈ ਸੀ.ਬੀ.ਆਈ. (329) ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਚੰਡੀਗੜ੍ਹ ਵੱਲੋਂ ਕੀਤੀ ਗਈ ਜਾਂਚ 'ਤੇ ਅਧਾਰਿਤ ਹੈ। ਕੇਂਦਰੀ ਚੌਕਸੀ ਕਮਿਸ਼ਨ (3ਠ3) ਨੇ ਵੀ ਮੁੱਢਲੇ ਤੌਰ 'ਤੇ ਠੋਸ ਸਬੂਤ ਮਿਲਣ ਤੋਂ ਬਾਅਦ ਮੁਕੱਦਮਾ ਚਲਾਉਣ ਦੀ ਸਿਫ਼ਾਰਸ਼ ਕੀਤੀ ਸੀ। ਸੀ.ਬੀ.ਆਈ. ਨੇ ਅੱਜ ਚੰਡੀਗੜ੍ਹ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿੱਚ ਬੀ.ਐੱਨ.ਐੱਸ.ਐੱਸ. (BNSS) ਦੀ ਧਾਰਾ 193 (9) ਤਹਿਤ ਇੱਕ ਸਪਲੀਮੈਂਟਰੀ ਚਾਰਜਸ਼ੀਟ ਦਾਖ਼ਲ ਕੀਤੀ ਹੈ। ਜਾਂਚ ਨਾਲ ਜੁੜੇ ਅਹਿਮ ਤੱਥ ਹੇਠ ਲਿਖੇ ਅਨੁਸਾਰ ਹਨ: ਡਿਜੀਟਲ ਡੇਟਾ: ਫੋਨਾਂ ਵਿੱਚੋਂ ਕੱਢੇ ਗਏ ਡਿਜੀਟਲ ਡੇਟਾ ਦੇ ਵਿਸ਼ਲੇਸ਼ਣ ਵਿੱਚ ਫਿਲਹਾਲ ਕੋਈ ਨਵੀਂ ਇਤਰਾਜ਼ਯੋਗ ਸਮੱਗਰੀ ਸਾਹਮਣੇ ਨਹੀਂ ਆਈ ਹੈ। ਸ਼ਮੂਲੀਅਤ: ਜਾਂਚ ਵਿੱਚ ਰਿਸ਼ਵਤ ਦੀ ਮੰਗ ਕਰਨ ਜਾਂ ਬਰਾਮਦਗੀ ਵਿੱਚ ਕਿਸੇ ਹੋਰ ਸਰਕਾਰੀ ਕਰਮਚਾਰੀ ਦੀ ਸ਼ਮੂਲੀਅਤ ਦਾ ਕੋਈ ਨਵਾਂ ਸਬੂਤ ਨਹੀਂ ਮਿਲਿਆ ਹੈ। ਹੋਰ ਸ਼ੱਕੀ ਲੈਣ-ਦੇਣ: ਮੋਬਾਈਲ ਫੋਨਾਂ ਅਤੇ ਜ਼ਬਤ ਕੀਤੇ ਦਸਤਾਵੇਜ਼ਾਂ ਦੇ ਵਿਸ਼ਲੇਸ਼ਣ ਤੋਂ ਸਰਕਾਰੀ ਅਹੁਦੇ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਰਿਸ਼ਵਤਖੋਰੀ ਨਾਲ ਸਬੰਧਤ ਕਈ ਹੋਰ ਸ਼ੱਕੀ ਲੈਣ-ਦੇਣ ਦੇ ਸੰਕੇਤ ਮਿਲੇ ਹਨ।

ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 21 ਫਰਵਰੀ 2026 ਲਈ ਤੈਅ ਕੀਤੀ ਹੈ। ਸੀ.ਬੀ.ਆਈ. ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਮੁੱਖ ਚਾਰਜਸ਼ੀਟ ਅਤੇ ਸਪਲੀਮੈਂਟਰੀ ਚਾਰਜਸ਼ੀਟ, ਦੋਹਾਂ ਦਾ ਨੋਟਿਸ ਲਵੇ। ਦੱਸਣਯੋਗ ਹੈ ਕਿ ਹਾਲ ਹੀ ਵਿੱਚ ਹਾਈਕੋਰਟ ਨੇ ਭੁੱਲਰ ਦੀ ਨਿਯਮਤ ਜ਼ਮਾਨਤ ਪਟੀਸ਼ਨ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਸੀ ਕਿ ਇੱਕ ਉੱਚ ਅਹੁਦੇ 'ਤੇ ਬੈਠੇ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਗੰਭੀਰ ਹਨ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342 | Website: www.preetnama.com Email preetnamausa@gmail.com | 20 FEB TO 26 FEB, 2026





Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 342
Website: www.preetnama.com Email preetnamausa@gmail.com
20 FEB TO 26 FEB, 2026


# ਨਿਖਿਲ ਗੁਪਤਾ ਨੇ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਕਬੂਲੇ, ਜਾਣੋ ਕੌਣ ਹਨ ਨਿਖਿਲ ਗੁਪਤਾ ਤੇ ਕੀ ਹੈ ਇਹ ਮਾਮਲਾ





## ਗੁਰਪਤਵੰਤ ਸਿੰਘ ਪੰਨੂ ਕੌਣ ਹਨ ?

ਪੇਸ਼ੇ ਤੋਂ ਵਕੀਲ ਗੁਰਪਤਵੰਤ ਸਿੰਘ ਪੰਨੂ ਦੇ ਪਰਿਵਾਰ ਦੇ ਵੱਡ-ਵਡੇਰੇ ਪਹਿਲਾਂ ਪੱਟੀ ਦੇ ਪਿੰਡ ਨੱਥੂਚੱਕ ਵਿੱਚ ਰਹਿੰਦੇ ਸਨ ਅਤੇ ਬਾਅਦ ਵਿੱਚ ਉਹ ਅੰਮ੍ਰਿਤਸਰ ਨੇੜੇ ਪੈਂਦੇ ਪਿੰਡ ਖਾਨਕੋਟ ਵਿਖੇ ਜਾ ਵਸੇ ਸਨ। ਪੰਨੂ ਦਾ ਇੱਕ ਭਰਾ ਤੇ ਇੱਕ ਭੈਣ ਹਨ। ਉਨ੍ਹਾਂ ਦੀ ਸਾਰੀ ਪੜ੍ਹਾਈ ਭਾਰਤ ਵਿੱਚ ਹੀ, ਲੁਧਿਆਣਾ ਅਤੇ ਚੰਡੀਗੜ੍ਹ ਤੋਂ ਹੋਈ ਹੈ। ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਵੀ ਭਾਰਤ ਵਿੱਚ ਹੀ ਕੀਤੀ ਹੈ। ਪੰਨੂ ਦੇ ਪਿਤਾ ਮਹਿੰਦਰ ਸਿੰਘ ਪੰਜਾਬ ਮਾਰਕੀਟਿੰਗ ਬੋਰਡ ਦੇ ਸਕੱਤਰ ਸਨ। 1990ਵਿਆਂ ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ। ਕਾਲਜ ਦੇ ਸਮੇਂ ਤੋਂ ਹੀ ਉਹ ਸਟੂਡੈਂਟ ਐਕਟੀਵਿਸਟ ਬਣ ਗਏ ਸਨ ਅਤੇ ਸਟੂਡੈਂਟ ਪੌਲੀਟਿਕਸ ਵਿੱਚ ਐਕਟਿਵ ਹੋ ਗਏ ਸਨ। ਨੱਬੇ ਦੇ ਦਹਾਕੇ ਵਿੱਚ ਪੰਨੂ ਉੱਤੇ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਚੰਡੀਗੜ੍ਹ ਸ਼ਹਿਰਾਂ ਵਿੱਚ ਸਥਿਤ ਥਾਣਿਆਂ ਵਿੱਚ ਇਰਾਦਤਨ ਕਤਲ ਅਤੇ ਕਤਲ ਕਰਨ ਦੇ ਕੇਸ ਦਰਜ ਕੀਤੇ ਗਏ। ਸੂਤਰਾਂ ਮੁਤਾਬਕ ਗੁਰਪਤਵੰਤ ਪੰਨੂ ਦੇ ਉੱਪਰ ਕਈ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚ ਟਾਡਾ (ਟੈਰਰਿਸਟ ਐਂਡ ਡਿਸਰਪਟਿਵ ਐਕਟਿਵਿਟੀਜ਼) ਵੀ ਸ਼ਾਮਿਲ ਹੈ। ਪੰਨੂ ਦਾ ਕਹਿਣਾ ਹੈ ਕਿ ਉਨ੍ਹਾਂ ਉੱਪਰ ਪੁਲਿਸ ਨੇ ਝੂਠੇ ਮੁਕੱਦਮੇ ਦਾਇਰ ਕੀਤੇ ਸਨ। 1991-92 ਵਿੱਚ ਪੰਨੂ ਅਮਰੀਕਾ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਕਨੈਕਟੀਕਟ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲਿਆ, ਜਿੱਥੇ ਪੰਨੂ ਨੇ ਐੱਮਬੀਏ ਫਾਇਨਾਂਸ ਅਤੇ ਨਿਊਯਾਰਕ ਯੂਨੀਵਰਸਿਟੀ ਵਿੱਚ ਮਾਸਟਰਜ਼ ਆਫ਼ ਲਾਅ ਦੀ ਡਿਗਰੀ ਹਾਸਿਲ ਕੀਤੀ। ਅਮਰੀਕਾ ਵਿੱਚ ਉਚੇਰੀ ਸਿੱਖਿਆ ਲੈਣ ਤੋਂ ਬਾਅਦ ਪੰਨੂ ਨੇ ਨਿਊਯਾਰਕ ਸਥਿਤ ਵਾਲ ਸਟਰੀਟ ਵਿੱਚ ਸਿਸਟਮ ਐਨੇਲਿਸਟ ਵਜੋਂ 2014 ਤੱਕ ਕੰਮ ਕੀਤਾ। ਉਹ ਅਮਰੀਕਾ ਜਾ ਕੇ ਵੀ ਸਿਆਸੀ ਤੌਰ @ਤੇ ਸਰਗਰਮ ਰਹੇ। ਪੰਨੂ ਇੱਕ ਡਿਫੈਂਸ ਵਕੀਲ ਹਨ ਅਤੇ ਉਨ੍ਹਾਂ ਨੇ ਸਾਲ 2007 ਵਿੱਚ ਹੀ ਸਿਖਸ ਫਾਰ ਜਸਟਿਸ ਦੀ ਸਥਾਪਨਾ ਕੀਤੀ ਸੀ। ਸਿਖਸ ਫਾਰ ਜਸਟਿਸ ਦਾ ਰਜਿਸਟਰਡ ਦਫ਼ਤਰ ਵਾਸ਼ਿੰਗਟਨ ਵਿੱਚ ਹੈ ਅਤੇ ਪੰਨੂ ਦਾ ਦਫ਼ਤਰ ਨਿਊਯਾਰਕ ਵਿੱਚ ਹੈ, ਜਿੱਥੇ ਉਹ ਆਪਣੀ ਲਾਅ ਫਰਮ ਚਲਾਉਂਦੇ ਹਨ।

ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਸ਼ੁੱਕਰਵਾਰ ਨੂੰ ਖਾਲਿਸਤਾਨ ਪੱਖੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਕਬੂਲ ਕਰ ਲਿਆ ਹੈ। ਨਿਖਿਲ ਗੁਪਤਾ ਨੇ ਪੈਸੇ ਦੇ ਕੇ ਕਤਲ, ਪੈਸੇ ਦੇ ਕੇ ਕਤਲ ਕਰਨ ਦੀ ਸਾਜ਼ਿਸ਼ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਕਰਨ ਦੇ ਇਲਜ਼ਾਮਾਂ ਵਿੱਚ ਇਲਜ਼ਾਮ ਕਬੂਲ ਕੀਤਾ ਹੈ। ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਕਈ ਮੌਕਿਆਂ ’ਤੇ ਭਾਰਤ ਸਰਕਾਰ ਨੇ ਪੰਨੂ ਵਿਰੁੱਧ ਕਿਸੇ ਵੀ ਸਾਜ਼ਿਸ਼ ਵਿੱਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਤੇ ਕਿਹਾ ਹੈ ਕਿ ਇਹ ਸਰਕਾਰ ਦੀ ਨੀਤੀ ਦੇ ਵਿਰੁੱਧ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਪੰਨੂੰ ਦੇ ਕਤਲ ਦੀ ਸਾਜ਼ਿਸ਼ ਸੰਬੰਧੀ ਇਲਜ਼ਾਮਾਂ ਨੂੰ ਸਖ਼ਤੀ ਨਾਲ ਖਾਰਜ ਕੀਤਾ ਹੈ ਅਤੇ ਇਲਜ਼ਾਮਾਂ ਨੂੰ ‘ਬੇਲੋੜਾ ਅਤੇ ਬੇਬੁਨਿਆਦ’ ਕਿਹਾ ਹੈ। ਨਿਖਿਲ ਗੁਪਤਾ ਦੇ ਵਕੀਲ ਨਾਲ ਇਸ ਮਾਮਲੇ ਸਬੰਧੀ ਟਿੱਪਣੀ ਲਈ ਸੰਪਰਕ ਕੀਤਾ ਹੈ।

ਇੱਕ ਬਿਆਨ ਵਿੱਚ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਨਿਖਿਲ ਗੁਪਤਾ ਦਾ ਦੋਸ਼ੀ ਮੰਨਿਆ ਜਾਣਾ ਇਸ ਗੱਲ ਦੀ ਨਿਆਂਇਕ ਪੁਸ਼ਟੀ ਹੈ ਕਿ ਭਾਰਤ ਦੀ ਮੋਦੀ ਸਰਕਾਰ ਨੇ ਅਮਰੀਕੀ ਧਰਤੀ ’ਤੇ ਪੈਸਿਆਂ ਬਦਲੇ ਕਤਲ ਦੀ ਸਾਜ਼ਿਸ਼ ਰਚੀ ਸੀ।÷

**ਮਾਮਲਾ ਕੀ ਹੈ ਤੇ ਹੁਣ ਤੱਕ ਕੀ-ਕੀ ਹੋਇਆ ?**

ਇਹ ਮਾਮਲਾ ਸਾਲ 2023 ਵਿੱਚ ਨਿਊਯਾਰਕ ਸ਼ਹਿਰ ਵਿੱਚ ਅਮਰੀਕੀ ਨਾਗਰਿਕ ਅਤੇ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕਥਿਤ ਤੌਰ ’ਤੇ ਕੀਤੀ ਨਾਕਾਮ ਸਾਜਿਸ਼ ਦੇ ਨਾਲ ਜੁੜਿਆ ਹੋਇਆ ਹੈ। ਭਾਰਤੀ ਨਾਗਰਿਕ ਨਿਖਿਲ ਗੁਪਤਾ @ਤੇ ਅਮਰੀਕੀ ਅਦਾਲਤ ’ਚ ਦਾਇਰ ਇਲਜ਼ਾਮਾਂ ’ਚ ਇੱਕ ਲੱਖ ਡਾਲਰ (ਤਕਰੀਬਨ 83 ਲੱਖ ਰੁਪਏ) ਦੀ ਨਕਦੀ ਬਦਲੇ ਅਮਰੀਕੀ ਨਾਗਰਿਕ ਦੇ ਕਤਲ ਦੀ ਸੁਪਾਰੀ ਦੇਣ ਦੇ ਇਲਜ਼ਾਮ ਲਗਾਏ ਗਏ ਹਨ। ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਨਿਖਿਲ ਗੁਪਤਾ ਨੇ ਭਾਰਤ ਸਰਕਾਰ ਲਈ ਕੰਮ ਕਰਨ ਵਾਲੇ ਇਕ ਅਧਿਕਾਰੀ ਦੇ ਨਿਰਦੇਸ਼ਾਂ ’ਤੇ ਅਮਰੀਕਾ ਵਿੱਚ ਇਕ ਹਿੱਟਮੈਨ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਇੱਕ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਪੰਨੂ ਨੂੰ ਮਾਰਨ ਦੀ ਸੁਪਾਰੀ ਦਿੱਤੀ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੂਨ 2023 ਵਿੱਚ ਕਤਲ ਦੀ ਸਾਜਿਸ਼ ਨੂੰ ਅੱਗੇ ਵਧਾਉਣ ਦੇ ਲਈ ਵਿਕਾਸ ਯਾਦਵ ਨੇ ਨਿਖਿਲ ਗੁਪਤਾ ਨੂੰ ਪੰਨੂ ਦੇ ਬਾਰੇ ਵਿੱਚ ਨਿੱਜੀ ਜਾਣਕਾਰੀ ਦਿੱਤੀ, ਜਿਸ ਵਿੱਚ ਨਿਊਯਾਰਕ ਸਿਟੀ ਵਿੱਚ ਪੰਨੂ ਦੇ ਘਰ ਦਾ ਪਤਾ, ਉਨ੍ਹਾਂ ਨਾਲ ਜੁੜੇ ਫੋਨ ਨੰਬਰ ਅਤੇ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸ਼ਾਮਿਲ ਸੀ। ਗੁਪਤਾ ਨੇ ਇਹ ਸਾਰੀ ਜਾਣਕਾਰੀ ਹਿਟਮੈਨ ਨੂੰ ਦੇ ਦਿੱਤੀ।

ਚੈਕ ਰਿਪਬਲਿਕ ਵਿੱਚ ਗ੍ਰਿਫ਼ਤਾਰੀ ਤੋਂ ਇੱਕ ਸਾਲ ਬਾਅਦ ਨਿਖਿਲ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ, ਜਿੱਥੇ ਉਨ੍ਹਾਂ ਨੇ ਆਪਣੇ ਆਪ ਨੂੰ ਸ਼ੁਰੂ ਵਿੱਚ ਬੇਕਸੂਰ ਦੱਸਿਆ ਸੀ। ਹੁਣ ਇਸ ਮਾਮਲੇ ਵਿੱਚ ਨਿਖਿਲ ਗੁਪਤਾ ਨੇ ਕਤਲ ਦੀ ਸਾਜ਼ਿਸ਼ ਦੇ ਇਲਜ਼ਾਮ ਕਬੂਲ ਕਰ ਲਏ ਹਨ। ਖਬਰ ਏਜੰਸੀ ਰਾਇਟਰਜ਼ ਮੁਤਾਬਕ, ਗੁਪਤਾ ਦੀ ਸੁਣਵਾਈ ਦੀ ਟ੍ਰਾਂਸਕ੍ਰਿਪਟ ਮੁਤਾਬਕ, ਗੁਪਤਾ ਨੇ ਅਦਾਲਤ ’ਚ ਕਿਹਾ ਕਿ ਮੈਂ ਕਿਸੇ ਹੋਰ ਵਿਅਕਤੀ ਨਾਲ ਸਹਿਮਤ ਹੋਇਆ ਸੀ ਕਿ ਅਮਰੀਕਾ ਵਿੱਚ ਇੱਕ ਵਿਅਕਤੀ ਨੂੰ ਕਤਲ (sic) ਕਰਨ ਲਈ ਕਿਸੇ ਹੋਰ ਨੂੰ ਕਿਹਾ ਜਾਵੇ, ਅਤੇ ਨਿਊਯਾਰਕ ਵਿੱਚ ਕਿਸੇ ਨੂੰ ਇਹ ਅਪਰਾਧ ਕਰਨ ਲਈ 15,000 ਡਾਲਰ ਅਦਾ ਕੀਤੇ। ਐਫਬੀਆਈ ਦੇ ਸਹਾਇਕ ਨਿਰਦੇਸ਼ਕ ਰੋਮਨ ਰੋਜ਼ਾਵਸਕੀ ਨੇ ਕਿਹਾ, ਨਿਖਿਲ ਗੁਪਤਾ, ਇੱਕ ਅਮਰੀਕੀ ਨਾਗਰਿਕ ਦੇ ਖਿਲਾਫ ਪੈਸੇ ਦੇ ਕੇ ਕਤਲ ਦੀ ਸਾਜ਼ਿਸ਼ ਵਿੱਚ ਇੱਕ ਮੁੱਖ ਭਾਗੀਦਾਰ ਸੀ, ਇੱਕ ਅਜਿਹਾ ਕਤਲ ਜਿਸਨੂੰ ਅਮਰੀਕੀ ਕਾਨੂੰਨ ਲਾਗੂ ਕਰਨ ਵਾਲਿਆਂ ਦੀਆਂ ਕਾਰਵਾਈਆਂ ਕਾਰਨ ਹੋਣ ਤੋਂ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕਿਹਾ, ਉਸਨੇ ਸੋਚਿਆ ਸੀ ਕਿ ਇਸ ਦੇਸ਼ ਦੇ ਬਾਹਰੋਂ ਉਹ ਇਸ ਦੇਸ਼ ਵਿੱਚ ਕਿਸੇ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ ਮਾਰ ਸਕਦਾ ਹੈ, ਸਿਰਫ਼ ਇਸ ਲਈ ਕਿਉਂਕਿ ਉਹ (ਵਿਅਕਤੀ) ਆਪਣੀ ਬੋਲਣ ਦੀ ਆਜ਼ਾਦੀ ਦੇ ਅਮਰੀਕੀ ਅਧਿਕਾਰ ਦੀ ਵਰਤੋਂ ਕਰ ਰਿਹਾ ਸੀ। ਪਰ ਉਹ ਗਲਤ ਸੀ, ਅਤੇ ਉਸਨੂੰ ਨਿਆਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਨੂੰ ਲਗਭਗ 40 ਸਾਲ ਤੱਕ ਦੀ ਕੈਦ ਹੋ ਸਕਦੀ ਹੈ। 13 ਫਰਵਰੀ ਨੂੰ ਨਿਊਯਾਰਕ ਦੇ ਸਾਊਥ ਡਿਸਟ੍ਰਿਕਟ ਦੇ ਅਟਾਰਨੀ ਆਫਿਸ ਵੱਲੋਂ ਜਾਰੀ ਬਿਆਨ ਅਨੁਸਾਰ, ਸਜ਼ਾ 29 ਮਈ ਨੂੰ ਸੁਣਾਈ ਜਾਵੇਗੀ।

**ਨਿਖਿਲ ਗੁਪਤਾ ਕੌਣ ਹਨ ?**

ਅਮਰੀਕਾ ਦਾ ਕਹਿਣਾ ਹੈ ਕਿ ਨਿਖਿਲ ਗੁਪਤਾ ਉਰਫ਼ ਨਿੱਕ ਇੱਕ ਭਾਰਤੀ ਨਾਗਰਿਕ ਹਨ ਜੋ ਕਿ ਭਾਰਤ ਵਿੱਚ ਰਹਿੰਦੇ ਸਨ ਅਤੇ ਵਿਕਾਸ ਯਾਦਵ ਦੇ ਸਹਿਯੋਗੀ ਰਹੇ ਹਨ। ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ ਨਿਖਿਲ ਗੁਪਤਾ ਨੇ ਵਿਕਾਸ ਯਾਦਵ ਅਤੇ ਹੋਰ ਲੋਕਾਂ ਨਾਲ ਹੋਈ ਆਪਣੀ ਗੱਲਬਾਤ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਉਹ ਕੌਮਾਂਤਰੀ ਪੱਧਰ ਉੱਤੇ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਿਲ ਹੈ। ਪਿਛਲੇ ਸਾਲ ਅਮਰੀਕੀ ਨਿਆਂ ਵਿਭਾਗ ਨੇ ਗੁਪਤਾ ਦੇ ਖਿਲਾਫ ਗੁਰਪਤਵੰਤ ਸਿੰਘ ਪੰਨੂ ਕਤਲ ਮਾਮਲੇ ਵਿੱਚ ਭਾੜੇ @ਤੇ ਕਤਲ ਦਾ ਇਲਜ਼ਾਮ ਲਾਉਂਦਿਆਂ ਇੱਕ ਕਾਨੂੰਨੀ ਦਾਅਵਾ ਖੋਲ੍ਹਿਆ ਗਿਆ ਸੀ। 30 ਜੂਨ, 2023 ਨੂੰ ਗੁਪਤਾ ਨੂੰ ਚੈੱਕ ਗਣਰਾਜ ਦੇ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਫਿਰ ਅਮਰੀਕਾ ਅਤੇ ਚੈੱਕ ਗਣਰਾਜ ਦਰਮਿਆਨ ਦੁਵੱਲੀ ਹਵਾਲਗੀ ਸੰਧੀ ਦੇ ਤਹਿਤ ਨਿਖਿਲ ਗੁਪਤਾ ਨੂੰ ਅਮਰੀਕਾ ਦੇ ਹਵਾਲੇ ਕਰ ਦਿੱਤਾ।

**ਵਿਕਾਸ ਯਾਦਵ ਕੌਣ ਹਨ ?**

ਅਮਰੀਕਾ ਵੱਲੋਂ ਦਾਇਰ ਕੀਤੇ ਗਏ ਇਲਜ਼ਾਮਾਂ ਦੇ ਮੁਤਾਬਕ ਵਿਕਾਸ ਯਾਦਵ ਉਰਫ਼ ਅਮਾਨਤ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਵਿੱਚ ਕੰਮ ਕਰਦੇ ਸਨ ਜੋ ਕਿ ਭਾਰਤ ਦੇ ਪ੍ਰਧਾਨ ਮੰਤਰੀ ਦਫ਼ਤਰ ਦਾ ਇੱਕ ਹਿੱਸਾ ਹੈ। ਅਮਰੀਕਾ ਦੇ ਅਨੁਸਾਰ ਯਾਦਵ ਭਾਰਤ ਦੀ ਸੂਹੀਆ ਏਜੰਸੀ ਰਾਅ ਦੇ ਲਈ ਕੰਮ ਕਰਦੇ ਸਨ ਜੋ ਕਿ ਕੈਬਨਿਟ ਸਕੱਤਰੇਤ ਦਾ ਹਿੱਸਾ ਹੈ। ਅਮਰੀਕਾ ਦੇ ਨਿਆਂ ਵਿਭਾਗ ਨੇ ਕਿਹਾ ਹੈ ਕਿ ਵਿਕਾਸ ਯਾਦਵ ਨੇ ਆਪਣਾ ਅਹੁਦਾ ਸੀਨੀਅਰ ਫੀਲਡ ਅਫ਼ਸਰ ਦਾ ਦੱਸਿਆ ਹੈ, ਜਿਸ ਦੀਆਂ ਜ਼ਿੰਮੇਵਾਰੀਆਂ ਵਿੱਚ ਸੁਰੱਖਿਆ ਬੰਦੋਬਸਤ ਅਤੇ ਸੂਹੀਆ ਬੰਦੋਬਸਤ ਸ਼ਾਮਿਲ ਹਨ। ਅਮਰੀਕੀ ਅਧਿਕਾਰੀਆਂ ਦੇ ਅਨੁਸਾਰ ਯਾਦਵ ਨੇ ਆਪਣੇ ਰੁਜ਼ਗਾਰ ਦਾਤੇ ਦਾ ਪਤਾ ਨਵੀਂ ਦਿੱਲੀ ਵਿੱਚ ਸੀਜੀਓ ਕੰਪਲੈਕਸ ਵਜੋਂ ਲਿਖਿਆ ਹੈ, ਜਿੱਥੇ ਰਾਅ ਦਾ ਮੁੱਖ ਦਫ਼ਤਰ ਹੈ। ਸਾਲ 2024 ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਨੂੰ ਜਦੋਂ ਵਿਕਾਸ ਯਾਦਵ ਬਾਰੇ ਪੁੱਛਿਆ ਗਿਆ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਜਿਸ ਵਿਅਕਤੀ ਬਾਰੇ ਗੱਲ ਕੀਤੀ ਜਾ ਰਹੀ ਹੈ, ਉਹ ਹੁਣ ਭਾਰਤ ਸਰਕਾਰ ਲਈ ਕੰਮ ਨਹੀਂ ਕਰਦੇ ਹਨ।

**ਵਿਕਾਸ ਯਾਦਵ ਅਤੇ ਨਿਖਿਲ ਗੁਪਤਾ ਦਾ ਕੀ ਸਬੰਧ ਹੈ?**

ਅਮਰੀਕੀ ਨਿਆਂ ਵਿਭਾਗ ਦਾ ਕਹਿਣਾ ਹੈ ਕਿ ਮਈ 2023 ਵਿੱਚ ਵਿਕਾਸ ਯਾਦਵ ਨੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕਥਿਤ ਸਾਜਿਸ਼ ਘੜਨ ਲਈ ਨਿਖਿਲ ਗੁਪਤਾ ਨੂੰ ਭਰਤੀ ਕੀਤਾ ਸੀ। ਅਮਰੀਕਾ ਦਾ ਕਹਿਣਾ ਹੈ ਕਿ ਵਿਕਾਸ ਯਾਦਵ ਦੇ ਹੁਕਮਾਂ ਉੱਤੇ ਹੀ ਨਿਖਿਲ ਗੁਪਤਾ ਨੇ ਪੰਨੂ ਦਾ ਕਤਲ ਕਰਨ ਲਈ ਕਿਸੇ ਹਿਟਮੈਨ ਨੂੰ ਭਰਤੀ ਕਰਨ ਲਈ ਇੱਕ ਅਜਿਹੇ ਵਿਅਕਤੀ ਨਾਲ ਸੰਪਰਕ ਕੀਤਾ, ਜਿਸ ਬਾਰੇ ਗੁਪਤਾ ਨੂੰ ਲੱਗਦਾ ਸੀ ਕਿ ਉਹ ਇੱਕ ਅਪਰਾਧਿਕ ਸਹਿਯੋਗੀ ਹੈ ਪਰ ਅਸਲ ਵਿੱਚ ਉਹ ਅਮਰੀਕਾ ਦੇ ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ (ਡੀਈਏ) ਨਾਲ ਕੰਮ ਕਰਨ ਵਾਲਾ ਇੱਕ ਖ਼ੁਫ਼ੀਆ ਸਰੋਤ ਸੀ। ਇਸ ਖ਼ੁਫ਼ੀਆ ਸਰੋਤ ਨੇ ਗੁਪਤਾ ਨੂੰ ਇੱਕ ਕਥਿਤ ਹਿਟਮੈਨ ਨਾਲ ਮਿਲਵਾਇਆ, ਜੋ ਕਿ ਅਸਲ ਵਿੱਚ ਡੀਈਏ ਦਾ ਇੱਕ ਅੰਡਰਕਵਰ ਅਫ਼ਸਰ ਸੀ। ਨਿਖਿਲ ਗੁਪਤਾ ਨੇ ਜੋ ਡੀਲ ਕੀਤੀ ਸੀ ਉਸ ਦੇ ਅਨੁਸਾਰ ਵਿਕਾਸ ਯਾਦਵ ਨੇ ਪੰਨੂ ਦੇ ਕਤਲ ਲਈ ਹਿਟਮੈਨ ਨੂੰ ਇੱਕ ਲੱਖ ਅਮਰੀਕੀ ਡਾਲਰ ਦੇਣ ਦੀ ਹਾਮੀ ਭਰੀ ਸੀ। ਨੌਂ ਜੂਨ, 2023 ਨੂੰ ਵਿਕਾਸ ਯਾਦਵ ਅਤੇ ਨਿਖਿਲ ਗੁਪਤਾ ਨੇ ਇੱਕ ਸਹਿਯੋਗੀ ਤੋਂ ਕਤਲ ਦੇ ਲਈ ਪੇਸ਼ਗੀ ਵਜੋਂ ਹਿਟਮੈਨ ਨੂੰ 15,000 ਅਮਰੀਕੀ ਡਾਲਰ ਨਗਦ ਦੇਣ ਦਾ ਪ੍ਰਬੰਧ ਕੀਤਾ ਅਤੇ ਫਿਰ ਯਾਦਵ ਦੇ ਇੱਕ ਸਹਿਯੋਗੀ ਨੇ ਮੈਨਹਟਨ ਵਿਖੇ ਇਹ ਪੈਸਾ ਹਿਟਮੈਨ ਨੂੰ ਸੌਂਪਿਆ।

**ਇਸ ਮਾਮਲੇ ’ਚ ਭਾਰਤ ਸਰਕਾਰ ਦਾ ਕੀ ਰੁਖ ਰਿਹਾ ਹੈ?**

ਇਸ ਮਾਮਲੇ ’ਚ ਸ਼ੁਰੂ ਹੀ ਕਈ ਮੌਕਿਆਂ ’ਤੇ ਭਾਰਤ ਸਰਕਾਰ ਨੇ ਪੰਨੂ ਵਿਰੁੱਧ ਕਿਸੇ ਵੀ ਸਾਜ਼ਿਸ਼ ਤੋਂ ਆਪਣੇ ਆਪ ਨੂੰ ਵੱਖ ਕਰਦਿਆਂ ਕਿਹਾ ਹੈ ਕਿ ਇਹ ਸਰਕਾਰੀ ਨੀਤੀ ਦੇ ਵਿਰੁੱਧ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਪੰਨੂੰ ਦੇ ਕਤਲ ਦੀ ਸਾਜ਼ਿਸ਼ ਸੰਬੰਧੀ ਇਲਜ਼ਾਮਾਂ ਨੂੰ ਸਖ਼ਤੀ ਨਾਲ ਖਾਰਜ ਕੀਤਾ ਹੈ ਅਤੇ ਇਲਜ਼ਾਮਾਂ ਨੂੰ ਬੇਲੋੜਾ ਅਤੇ ਬੇਬੁਨਿਆਦ ਕਿਹਾ ਹੈ। ਭਾਰਤ ਨੇ ਪਹਿਲਾਂ ਇਹ ਵੀ ਕਿਹਾ ਹੈ ਕਿ ਉਹ ਇਸ ਮਾਮਲੇ ਦੀ ਜਾਂਚ ਵਿੱਚ ਅਮਰੀਕਾ ਦਾ ਪੂਰਾ ਸਹਿਯੋਗ ਕਰ ਰਿਹਾ ਹੈ ਅਤੇ ਅਮਰੀਕਾ ਨੇ ਵੀ ਪਹਿਲਾਂ ਕਿਹਾ ਹੈ ਕਿ ਉਹ ਭਾਰਤ ਵੱਲੋਂ ਹੁਣ ਤੱਕ ਮਿਲੇ ਸਹਿਯੋਗ ਤੋਂ ਸੰਤੁਸ਼ਟ ਹੈ। 17 ਅਕਤੂਬਰ, 2024 ਨੂੰ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵਿਕਾਸ ਯਾਦਵ ਦਾ ਨਾਮ ਲਏ ਬਿਨਾਂ ਕਿਹਾ ਸੀ ਕਿ ਅਮਰੀਕੀ ਨਿਆਂ ਵਿਭਾਗ ਵੱਲੋਂ ਲਾਏ ਗਏ ਇਲਜ਼ਾਮਾਂ ਵਿੱਚ ਜਿਸ ਵਿਅਕਤੀ ਦਾ ਨਾਮ ਹੈ ਉਹ ਹੁਣ ਭਾਰਤ ਸਰਕਾਰ ਦਾ ਮੁਲਾਜ਼ਮ ਨਹੀਂ ਹੈ। ਇੱਕ ਸਵਾਲ ਦੇ ਜਵਾਬ ਚ ਜੈਸਵਾਲ ਨੇ ਕਿਹਾ ਸੀ, ÷ਮੈਂ ਹੁਣੇ ਪੁਸ਼ਟੀ ਕੀਤੀ ਹੈ ਕਿ ਹਾਂ, ਇਹ ਵਿਸ਼ੇਸ਼ ਸੱਜਣ, ਉਹ ਹੁਣ ਭਾਰਤ ਸਰਕਾਰ ਦੇ ਢਾਂਚੇ ਦਾ ਹਿੱਸਾ ਨਹੀਂ ਹਨ। ਉਹ ਕੋਈ ਕਰਮਚਾਰੀ ਨਹੀਂ ਹਨ। ਇਸ ਤੋਂ ਇਲਾਵਾ ਮੇਰੇ ਕੋਲ ਤੁਹਾਡੇ ਨਾਲ ਸਾਂਝਾ ਕਰਨ ਲਈ ਹੋਰ ਕੁਝ ਵੀ ਨਹੀਂ ਹੈ।ਉਨ੍ਹਾਂ ਨੇ ਇਹ ਵੀ ਦੱਸਿਆ ਸੀ ਕਿ ਇਸ ਮਾਮਲੇ ਨਾਲ ਜੁੜੀ ਇੱਕ ਉੱਚ ਪੱਧਰੀ ਜਾਂਚ ਕਮੇਟੀ ਦੇ ਮੈਂਬਰ ਅਮਰੀਕਾ ਗਏ ਹਨ। ਉਨ੍ਹਾਂ ਕਿਹਾ ਸੀ ਕਿ ਇਸ ਜਾਂਚ ਕਮੇਟੀ ਦਾ ਗਠਨ ਨਵੰਬਰ 2023 ਵਿੱਚ ਉਨ੍ਹਾਂ ਇਨਪੁਟਸ ਦੀ ਜਾਂਚ ਕਰਨ ਲਈ ਕੀਤਾ ਗਿਆ ਸੀ, ਜੋ ਕਿ ਅਮਰੀਕਾ ਨੇ ਭਾਰਤ ਦੇ ਨਾਲ ਸਾਂਝੇ ਕੀਤੇ ਸਨ। ਜੈਸਵਾਲ ਨੇ ਕਿਹਾ ਸੀ, ÷ਅਸੀਂ ਇਨ੍ਹਾਂ ਇਨਪੁਟਸ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਹੈ ਅਤੇ ਅਸੀਂ ਇਸ ਮਾਮਲੇ ਉੱਤੇ ਅਮਰੀਕਾ ਦੇ ਪੱਖ ਨਾਲ ਜੁੜੇ ਹੋਏ ਹਾਂ। ਉੱਚ ਪੱਧਰੀ ਕਮੇਟੀ ਦੇ 2 ਮੈਂਬਰ ਉੱਥੇ ਗਏ ਹਨ ਅਤੇ ਉਨ੍ਹਾਂ ਨੇ ਅਮਰੀਕੀ ਧਿਰ ਦੇ ਨਾਲ ਬੈਠਕਾਂ ਕੀਤੀਆਂ ਹਨ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342

Website: www.preetnama.com Email preetnamausa@gmail.com

20 FEB TO 26 FEB, 2026




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342

Website: www.preetnama.com Email preetnamausa@gmail.com

20 FEB TO 26 FEB, 2026



# ICELAND TOUR

06 Night & 7 Days Tour

**29 SEPT - 05 OCT, 2026**





Golden Circle



Northern Lights



Glacier Lagoon

## INCLUSIONS

- 6 Nights Accommodation
- All Breakfast
- Tour and Transfers as per itinerary
- Bottled water throughout the trip.
- All Tours and Transfers on Private.

## HIGHLIGHTS

- Northern Lights
- Golden Circle
- South Coast
- Reykjanes Peninsula
- Marvel at Jökulsárlón
- Diamond Beach
- Snæfellsnes Peninsula
- Silver Circle Route

**$2995**
Per Person on Double Occupancy

Note : Minimum 30 person required to avail above mentioned rate . A driver-cum-guide will be provided for this trip. Please note that the trip becomes non-refundable once it is confirmed. If Hotel once issued then no changes and cancellation is possible .

SUNRISE
TOURS AND TRAVEL

MOHINDER SINGH MIGLANI

516-690-1257
516-216-4433

22 W Marie St,
Hicksville, NY 11801



# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





**PRITPAL KAUR**
Editor-In-Chief
+1 201-312-4180
+1 917-328-8436

**ADVISORY BOARD**

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਕਿਸਾਨਾਂ ਸਿਰ ਕਰਜ਼ੇ ਦੀ ਪੰਡ !

## ਗ਼ਲਤ ਨੀਤੀਆਂ ਨੇ ਉਜਾੜਿਆ ਅੰਨਦਾਤਾ

ਅੰਨ ਪੈਦਾ ਕਰਨ ਵਾਲਾ ਕਿਸਾਨ, ਦਿਨ ਪ੍ਰਤੀ ਦਿਨ ਕਰਜ਼ੇ ਦੀ ਮਾਰ ਹੇਠਾਂ ਦੱਬਿਆ ਜਾ ਰਿਹਾ। ਹਾਲਾਤ ਇਹ ਬਣ ਚੁੱਕੇ ਨੇ ਕਿ, ਉਨ੍ਹਾਂ ਦੀ ਤਾਂ ਫ਼ਸਲ ਨਹੀਂ ਹੋ ਰਹੀ, ਜਿੰਨਾ ਕਰਜ਼ਾ ਚੜ੍ਹੀ ਜਾ ਰਿਹਾ। ਪੰਜਾਬ ਸਮੇਤ ਦੇਸ਼ ਦੇ ਆਮ ਲੋਕਾਂ ਉੱਪਰ ਜਿੱਥੇ ਕਰਜ਼ਾ ਦਿਨ ਪ੍ਰਤੀ ਦਿਨ ਵੱਧ ਰਿਹਾ, ਉੱਥੇ ਹੀ ਰਾਜਨੀਤਿਕ ਲੀਡਰਾਂ ਦੀਆਂ ਐਸ਼ੋ-ਅਰਾਮੀਆਂ ਵੀ ਵੱਧ ਰਹੀਆਂ ਹਨ। ਲਗਾਤਾਰ ਪੰਜਾਬ ਉੱਤੇ ਵੱਧ ਰਹੇ ਕਰਜ਼ੇ ਨੇ, ਕਈ ਤਰ੍ਹਾਂ ਦੇ ਸਵਾਲਾਂ ਨੂੰ ਜਨਮ ਦੇ ਦਿੱਤਾ। ਇਹਨਾਂ ਸਵਾਲਾਂ ਦੇ ਵਿੱਚ ਹੀ ਇੱਕ ਸਵਾਲ ਇਹ ਵੀ ਵਾਰ-ਵਾਰ ਘੁੰਮਦਾ ਰਹਿੰਦਾ ਹੈ ਕਿ, ਆਖ਼ਰ ਇਹ ਕਰਜ਼ਾ ਚੜ੍ਹਿਆ ਕਿਉਂ ਸੀ ਅਤੇ ਲੱਥੇਗਾ ਕਿਵੇਂ ?

ਕਈ ਮੀਡੀਆ ਅਦਾਰੇ, ਲੋਕਪੱਖੀ ਪੱਤਰਕਾਰ ਅਤੇ ਹੋਰ ਬੁੱਧੀਜੀਵੀ ਵਿਦਵਾਨ ਕਰਜ਼ੇ ਨੂੰ ਲੈ ਕੇ ਹਮੇਸ਼ਾ ਹੀ ਚਰਚਾ ਕਰਦੇ ਰਹਿੰਦੇ ਹਨ, ਪਰ ਸਵਾਲ ਇਹ ਹੈ ਕਿ ਕਰਜ਼ਾ ਪੰਜਾਬ ਸਿਰ ਚੜ੍ਹਿਆ ਕਿਵੇਂ ਸੀ ਅਤੇ ਇਸ ਤੋਂ ਮੁਕਤੀ ਕਿਵੇਂ ਮਿਲੇਗੀ ? ਖ਼ੈਰ, ਅੱਜ ਅਸੀਂ ਗੱਲ ਪੰਜਾਬ ਉੱਪਰ ਚੜ੍ਹੇ ਕਰਜ਼ੇ ਦੀ ਨਹੀਂ, ਬਲਕਿ ਪੰਜਾਬ ਦੇ ਕਿਸਾਨਾਂ ਉੱਪਰ ਚੜ੍ਹੇ ਕਰਜ਼ੇ ਦੀ ਗੱਲ ਕਰਾਂਗੇ। ਪੰਜਾਬ ਉੱਪਰ ਜਿਹੜਾ ਕਰਜ਼ਾ ਹੈ, ਉਸ ਬਾਰੇ ਤਾਂ ਸਰਕਾਰ ਵੰਨ-ਸੁਵੰਨੇ ਦਾਅਵੇ ਕਰਕੇ ਅਤੇ ਪੰਜਾਬ ਵਾਸੀਆਂ ਨੂੰ ਸੁਵਿਧਾਵਾਂ ਦੇਣ ਦੇ ਨਾਂ 'ਤੇ ਮਸਲੇ ਵਿੱਚ ਉਲਝਾਈ ਰੱਖਦੀ ਹੈ। ਪਰ ਪੰਜਾਬ ਦੇ ਕਿਸਾਨਾਂ ਉੱਪਰ ਚੜ੍ਹਿਆ ਕਰਜ਼ਾ ਕਿਵੇਂ ਖ਼ਤਮ ਹੋਵੇਗਾ ਅਤੇ ਕਿਸਾਨਾਂ ਦੀ ਖੇਤੀ ਕਿਵੇਂ ਉਪਜਾਊ ਹੋ ਕੇ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਦਿਵਾਏਗੀ, ਅੱਜ ਗੱਲ ਇਸ 'ਤੇ ਕਰਨੀ ਬਣਦੀ ਹੈ।

ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਬਾਰੇ ਪਿਛਲੇ ਸਾਲ 16 ਦਸੰਬਰ 2025 ਨੂੰ ਰਾਜ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਕੇਂਦਰੀ ਰਾਜ ਮੰਤਰੀ ਪੰਕਜ ਚੌਧਰੀ ਵੱਲੋਂ ਦੱਸਿਆ ਗਿਆ ਕਿ, ਪੰਜਾਬ ਦੇ ਕਿਸਾਨਾਂ ਉੱਪਰ 97 ਹਜ਼ਾਰ 471 ਕਰੋੜ ਰੁਪਏ ਦਾ ਕਰਜ਼ਾ ਹੈ। ਆਪਣੇ ਲਿਖਤੀ ਜਵਾਬ ਵਿੱਚ ਰਾਜ ਮੰਤਰੀ ਨੇ ਕਿਹਾ ਕਿ ਇਹ ਕਰਜ਼ਾ 25 ਲੱਖ 23 ਹਜ਼ਾਰ ਖਾਤਾਧਾਰਕਾਂ ਉੱਪਰ ਹੈ। ਇਹ ਕਰਜ਼ਾ ਵਪਾਰਕ ਬੈਂਕਾਂ, ਸਹਿਕਾਰੀ ਬੈਂਕਾਂ ਅਤੇ ਪੇਂਡੂ ਖੇਤਰਾਂ ਦੇ ਬੈਂਕਾਂ ਦਾ ਹੈ। ਇਸ ਤੋਂ ਸਿੱਧਾ ਅਤੇ ਸਾਫ਼ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਦੇ ਕਰੀਬ ਸਵਾ 25 ਲੱਖ ਕਿਸਾਨ ਜਾਂ ਫਿਰ ਖੇਤੀ ਦੇ ਨਾਲ ਜੁੜੇ ਲੋਕ ਕਰਜ਼ੇ ਦੀ ਮਾਰ ਹੇਠਾਂ ਹਨ। ਵੈਸੇ, ਪੰਜਾਬ ਦੀ ਕਿਸਾਨੀ ਦਿਨ ਪ੍ਰਤੀ ਦਿਨ ਇੰਨੀ ਸੁੰਗੜ ਕਿਉਂ ਰਹੀ ਹੈ ਕਿ ਕਿਸਾਨ ਕਰਜ਼ਾ ਲੈਣ ਲਈ ਮਜਬੂਰ ਹੋ ਚੁੱਕੇ ਹਨ ? ਇਹ ਸਵਾਲ ਹਰ ਕਿਸੇ ਦੇ ਮਨ ਅੰਦਰ ਹੈ। ਭਾਵੇਂ ਕਿ ਕੁੱਝ ਕੁ ਧਨਾਢ ਕਿਸਾਨਾਂ ਦੇ ਸ਼ੌਕ ਵੀ ਹੁੰਦੇ ਹਨ ਕਿ ਉਹ ਕਰਜ਼ਾ ਲੈ ਕੇ ਆਪਣੀਆਂ ਐਸ਼ੋ ਆਰਾਮ ਦੀ ਜ਼ਿੰਦਗੀ ਜਿਊਣ। ਪਰ ਆਮ ਕਿਸਾਨ ਦਾ ਕੀ, ਜੇ ਸਿਰ ਕੋਈ ਦੋ ਚਾਰ ਲੱਖ ਦਾ ਕਰਜ਼ਾ ਹੋਵੇ ? ਕਿਸਾਨਾਂ ਉੱਪਰ ਚੜ੍ਹੇ ਕਰਜ਼ੇ ਬਾਰੇ ਸਰਕਾਰਾਂ ਹਮੇਸ਼ਾ ਗੱਲਾਂ ਕਰਦੀਆਂ ਹਨ। ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਸਿਆਸੀ ਪਾਰਟੀ ਕਿਸਾਨਾਂ ਸਿਰ ਕਰਜ਼ਾ ਲਾਉਣ ਦੀ ਗੱਲ ਕਰਦੀ ਹੈ, ਪਰ ਕਿਸਾਨਾਂ ਨੂੰ ਕਰਜ਼ੇ ਤੋਂ ਪੂਰਨ ਰੂਪ ਵਿੱਚ ਮੁਕਤੀ ਕਿਵੇਂ ਦਵਾਈ ਜਾਵੇ, ਇਸ ਬਾਰੇ ਕੋਈ ਵੀ ਰਾਜਨੀਤਿਕ ਧਿਰ ਚਰਚਾ ਨਹੀਂ ਕਰਦੀ। ਕਰਜ਼ੇ ਮੁਆਫ਼ ਕਰਨ ਦੇ ਨਾਲ ਕਿਸਾਨਾਂ ਸਿਰੋਂ ਕਰਜ਼ਾ ਨਹੀਂ ਲੱਥੇਗਾ, ਕਿਉਂਕਿ ਇਸ ਦੇ ਪਿੱਛੇ ਵੱਡਾ ਕਾਰਨ ਇਹ ਹੈ ਕਿ ਇੱਕ ਵਾਰ ਤਾਂ ਕਿਸਾਨ ਦੇ ਸਿਰ ਤੋਂ ਕਰਜ਼ਾ ਉੱਤਰ ਜਾਵੇਗਾ, ਪਰ ਅਗਲੀ ਵਾਰ ਜਦੋਂ ਉਸ ਨੂੰ ਪੈਸੇ ਧੇਲੇ ਦੀ ਜ਼ਰੂਰਤ ਪਵੇਗੀ, ਤਾਂ ਉਹ ਕਿੱਥੇ ਜਾਵੇਗਾ ? ਕੀ ਸਰਕਾਰ ਉਸ ਦੀ ਮਦਦ ਕਰੇਗੀ ? ਨਹੀਂ, ਕਿਉਂਕਿ ਸਰਕਾਰ ਇੱਕ ਵਾਰੀ ਤਾਂ ਕਿਸਾਨ ਨੂੰ ਕਰਜ਼ੇ ਤੋਂ ਮੁਕਤੀ ਦਿਵਾ ਦੇਵੇਗੀ, ਪਰ ਉਮਰ ਭਰ ਲਈ ਕਿਸਾਨ ਕਰਜ਼ੇ ਤੋਂ ਮੁਕਤ ਨਹੀਂ ਹੋ ਸਕੇਗਾ, ਕਿਉਂਕਿ ਪੰਜਾਬ ਦੀ ਖੇਤੀ ਅਤੇ ਪੰਜਾਬ ਦੀ ਧਰਤੀ ਤੇ ਪਾਣੀ ਇੰਨਾ ਗੰਧਲਾ ਹੋ ਚੁੱਕਿਆ ਹੈ ਕਿ ਇੱਥੇ ਇਸ ਵੇਲੇ ਚੱਜ ਦੀ ਫ਼ਸਲ ਹੁਣ ਕਿਸੇ ਖਾਤੇ ਵਿੱਚ ਲਿਖਿਆ ਹੀ ਨਹੀਂ ਜਾ ਰਿਹਾ। ਪੰਜਾਬ ਦੀ ਖੇਤੀ ਨੂੰ ਜਿਸ ਤਰੀਕੇ ਦੇ ਨਾਲ ਕਾਰਪੋਰੇਟ ਘਰਾਣਿਆਂ ਦੇ ਵੱਲੋਂ ਵੱਡੇ ਪੱਧਰ 'ਤੇ ਨਸ਼ਟ ਕਰਕੇ ਇੱਥੋਂ ਹਾਈਵੇ ਕੱਢ ਕੇ ਪਹਿਲਾਂ ਅਤੇ ਉਹਦੇ ਬਾਅਦ ਵੱਡੀਆਂ ਵੱਡੀਆਂ ਮਹਿਲ ਮਾੜੀਆਂ ਅਤੇ ਕਾਲੋਨੀਆਂ ਤੋਂ ਇਲਾਵਾ ਹੋਟਲ ਕਾਰਖ਼ਾਨੇ ਬਣਾ ਕੇ ਪੰਜਾਬ ਦੀ ਉਪਜਾਊ ਧਰਤੀ ਨੂੰ ਉਜਾੜਿਆ ਗਿਆ, ਜਿਸ ਦੇ ਕਾਰਨ ਇੱਕ ਵਾਰ ਦਾ ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਅਮੀਰ ਹੋ ਗਿਆ, ਪਰ ਹੌਲੀ ਹੌਲੀ ਕਿਸਾਨਾਂ ਨੂੰ ਮਿਲਿਆ ਪੈਸਾ ਖ਼ਤਮ ਹੋਣ ਲੱਗਿਆ ਅਤੇ ਕਿਸਾਨ ਜ਼ਿੰਦਗੀ ਜਿਊਣ ਦੇ ਲਈ ਇੱਧਰੋਂ ਉਧਰੋਂ ਕਰਜ਼ਾ ਫੜਨ ਲੱਗੇ। ਇਹ ਕਹਾਣੀ ਕੋਈ ਅੱਜ ਦੀ ਨਹੀਂ, ਪਿਛਲੇ ਕਰੀਬ ਤਿੰਨ ਚਾਰ ਦਹਾਕਿਆਂ ਤੋਂ ਚਲਦੀ ਆ ਰਹੀ ਹੈ। ਪੰਜਾਬ ਨੂੰ ਵਿਕਾਸ ਦੇ ਨਾਮ 'ਤੇ ਜਿਸ ਤਰੀਕੇ ਦੇ ਨਾਲ ਉਜਾੜਿਆ ਗਿਆ, ਉਸ ਤੋਂ ਸਾਫ਼ ਤੇ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਨੂੰ ਕਰਜ਼ਾਈ ਅਤੇ ਪੰਜਾਬ ਦੇ ਕਿਸਾਨਾਂ ਨੂੰ ਮਿੱਟੀ ਵਿੱਚ ਮਿਲਾਉਣ ਦਾ ਕੰਮ ਕਾਰਪੋਰੇਟ ਘਰਾਣਿਆਂ ਤੇ ਸਮੇਂ ਦੀਆਂ ਸਰਕਾਰਾਂ ਦੇ ਵੱਲੋਂ ਹੀ ਕੀਤਾ ਗਿਆ ਹੈ।

ਸਰਕਾਰਾਂ ਦੁਆਰਾ ਬਣਾਈਆਂ ਜਾਂਦੀਆਂ ਗ਼ਲਤ ਨੀਤੀਆਂ ਦੇ ਕਾਰਨ ਹੀ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ ਅਤੇ ਕਰਜ਼ੇ ਦੀ ਮਾਰ ਹੇਠ ਹਨ। ਜਾਣਕਾਰੀ ਦੇ ਮੁਤਾਬਿਕ, ਕਿਸਾਨਾਂ ਸਿਰ ਕਰਜ਼ੇ ਚੜ੍ਹਨ ਦਾ ਸਭ ਤੋਂ ਵੱਡਾ ਕਾਰਨ ਜਿਹੜਾ ਸਾਹਮਣੇ ਆਇਆ ਹੈ, ਉਹ ਇਹ ਹੈ ਕਿ ਮਹਿੰਗੀਆਂ ਦਵਾਈਆਂ ਅਤੇ ਫ਼ਸਲਾਂ ਦੀ ਪੈਦਾਵਾਰ ਘਟਣੀ। ਇਸ ਦੇ ਨਾਲ ਹੀ ਇਹ ਵੀ ਕਾਰਨ ਪਤਾ ਲੱਗਿਆ ਹੈ ਕਿ ਸਰਕਾਰਾਂ ਦੁਆਰਾ ਜਿਹੜੀਆਂ ਨੀਤੀਆਂ ਕਿਸਾਨਾਂ ਦੇ ਲਈ ਬਣਾਈਆਂ ਗਈਆਂ ਸਨ ਜਾਂ ਬਣਾਈਆਂ ਜਾ ਰਹੀਆਂ ਹਨ, ਉਨ੍ਹਾਂ ਦਾ ਕਿਸਾਨਾਂ ਨੂੰ ਫ਼ਾਇਦਾ ਤੱਕ ਨਹੀਂ ਮਿਲਿਆ। ਵੱਡੇ ਅਤੇ ਧਨਾਢ ਲੋਕਾਂ ਦੇ ਵੱਲੋਂ ਇਹਨਾਂ ਸਕੀਮਾਂ ਦਾ ਫ਼ਾਇਦਾ ਚੁੱਕ ਲਿਆ ਗਿਆ, ਜਦੋਂ ਕਿ ਕਿਸਾਨਾਂ ਨੂੰ ਲਾਲਚ ਵਿਖਾ ਕੇ ਅਤੇ ਉਨ੍ਹਾਂ ਨੂੰ ਭਰੋਸੇ ਵਿੱਚ ਲੈ ਕੇ ਬਥੇਰਾ ਕੁੱਝ ਉਨ੍ਹਾਂ ਦੇ ਨਾਲ ਕੀਤਾ ਗਿਆ, ਪਰ ਅਸਲ ਕਿਸਾਨਾਂ ਨੂੰ ਕੁੱਝ ਵੀ ਨਹੀਂ ਮਿਲਿਆ।

ਫ਼ਸਲ ਦੀ ਪੈਦਾਵਾਰ 'ਤੇ ਹੋਣ ਵਾਲੇ ਨੁਕਸਾਨ ਬਾਰੇ ਤਾਂ ਨਾ ਕੋਈ ਕਾਰਪੋਰੇਟ ਕੰਪਨੀ ਸੋਚਦੀ ਹੈ ਅਤੇ ਨਾ ਹੀ ਸਰਕਾਰ ਸੋਚਦੀ ਹੈ। ਕਣਕ ਝੋਨੇ ਅਤੇ ਫਲਾਂ ਸਬਜ਼ੀਆਂ 'ਤੇ ਜਦੋਂ ਕੁਦਰਤੀ ਮਾਰ ਪੈਂਦੀ ਹੈ, ਤਾਂ ਉਸ ਵੇਲੇ ਹੀ ਕਿਸਾਨ ਕਰਜ਼ਾਈ ਹੁੰਦਾ ਹੈ। ਪਿਛਲੇ ਕੁੱਝ ਕੁ ਸਾਲਾਂ ਵਿੱਚ ਪੰਜਾਬ ਦੇ ਅੰਦਰ ਲਗਾਤਾਰ ਆ ਰਹੇ ਹੜ੍ਹਾਂ ਦੇ ਕਾਰਨ ਪੰਜਾਬ ਦੀ ਉਪਜਾਊ ਧਰਤੀ ਜਿੱਥੇ ਲਗਾਤਾਰ ਨਸ਼ਟ ਹੁੰਦੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਇਸ ਕੁਦਰਤੀ ਕਰੋਪੀ ਦੇ ਕਾਰਨ ਕਿਸਾਨ ਮਰਦਾ ਜਾ ਰਿਹਾ ਹੈ। ਜਾਣਕਾਰੀ ਇਹ ਵੀ ਹੈ ਕਿ ਪਹਿਲਾਂ ਕਿਸਾਨ ਪੰਜਾਬ ਅੰਦਰ ਵੱਡੇ ਪੱਧਰ 'ਤੇ ਗੰਨਾ, ਕਪਾਹ ਅਤੇ ਹੋਰ ਫ਼ਸਲਾਂ ਬੀਜਦੇ ਹੁੰਦੇ ਸਨ, ਪਰ ਇਹ ਹੌਲੀ-ਹੌਲੀ ਤਾਂ ਖ਼ਤਮ ਹੋਈਆਂ ਕਿਉਂਕਿ ਕਿਸਾਨਾਂ ਨੂੰ ਇਹਨਾਂ ਦਾ ਭਾਅ ਹੀ ਚੰਗਾ ਨਹੀਂ ਮਿਲਿਆ। ਕਿਸਾਨਾਂ ਨੂੰ ਗ਼ਰੀਬੀ ਮੁਕਤ ਕਰਨ ਅਤੇ ਕਰਜ਼ਾ ਮੁਕਤ ਕਰਨ ਦੀ ਸਕੀਮ ਸੈਂਟਰ ਤੇ ਸਟੇਟ ਹਮੇਸ਼ਾ ਲੈ ਕੇ ਆਈ ਪਰ ਨਾ ਤਾਂ ਕਿਸਾਨਾਂ ਨੂੰ ਗ਼ਰੀਬੀ ਤੋਂ ਮੁਕਤ ਕੀਤਾ ਗਿਆ ਅਤੇ ਨਾ ਹੀ ਕਰਜ਼ੇ ਤੋਂ ਮੁਕਤੀ ਦਵਾਈ ਗਈ। ਕਿਸਾਨਾਂ ਦੀ ਆਮਦਨ ਤਾਂ ਕੀ ਵਧਣੀ ਸੀ ਸਗੋਂ ਕਿਸਾਨ ਹੋਰ ਕਰਜ਼ੇ ਦੇ ਹੇਠਾਂ ਦੱਬੇ ਗਏ। ਜਿੱਥੇ ਮਹਿੰਗੀਆਂ ਦਵਾਈਆਂ ਨੇ ਕਿਸਾਨਾਂ ਨੂੰ ਮਾਰ ਸੁੱਟਿਆ, ਉੱਥੇ ਦੂਜੇ ਪਾਸੇ ਕਰਜ਼ੇ ਹੇਠਾਂ ਦੱਬੇ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਵੀ ਮਜਬੂਰ ਹੋ ਚੁੱਕੇ ਹਨ। ਕਿਸਾਨਾਂ ਨੂੰ ਲਾਲਚ ਕਾਰਪੋਰੇਟ ਕੰਪਨੀਆਂ ਅਤੇ ਸਰਕਾਰਾਂ ਦੇ ਵੱਲੋਂ ਹਮੇਸ਼ਾ ਹੀ ਦਿੱਤੇ ਜਾਂਦੇ ਰਹੇ ਹਨ ਅਤੇ ਹੁਣ ਵੀ ਦਿੱਤੇ ਜਾ ਰਹੇ ਹਨ, ਪਰ ਸਵਾਲ ਇਹ ਹੈ ਕਿ ਕੀ ਅਜਿਹਾ ਕੁੱਝ ਕਰਨ ਦੇ ਨਾਲ ਕਿਸਾਨ ਦਾ ਭਲਾ ਹੋ ਸਕਦਾ ਹੈ ? ਕਰਜ਼ੇ ਤੋਂ ਮੁਕਤੀ ਦਿਵਾਉਣ ਦੇ ਵਾਸਤੇ ਕੋਈ ਵੀ ਸਰਕਾਰ ਆਪਣੇ ਪੱਧਰ 'ਤੇ ਕੋਈ ਕੋਸ਼ਿਸ਼ ਨਹੀਂ ਕਰ ਰਹੀ। ਹਰ ਕੋਈ ਸਰਕਾਰ ਜਾਂ ਫਿਰ ਵਿਰੋਧੀ ਧਿਰ ਦੇ ਵਿੱਚ ਬੈਠਾ ਆਦਮੀ ਕਿਸਾਨਾਂ ਨੂੰ ਹੀ ਕੋਸਦਾ ਹੈ ਕਿ ਕਿਸਾਨ ਦੇ ਸ਼ੌਕ ਹੀ ਦੂਜੇ ਲੋਕਾਂ ਦੇ ਨਾਲੋਂ ਵੱਖਰੇ ਨੇ। ਉਹ ਕਰਜ਼ਾ ਲੈਂਦਾ ਹੈ ਆਪਣੀ ਜ਼ਮੀਨ 'ਤੇ, ਆਪਣੀ ਫ਼ਸਲ 'ਤੇ ਅਤੇ ਆਖ਼ਰ ਜਦੋਂ ਉਹਦੇ ਕੋਲੋਂ ਕਰਜ਼ਾ ਨਹੀਂ ਉਤਾਰਿਆ ਜਾਂਦਾ ਤਾਂ ਉਹ ਮੌਤ ਨੂੰ ਗਲੇ ਲਗਾ ਲੈਂਦਾ ਹੈ। ਭਾਵੇਂ ਕਿ ਕਈ ਧਨਾਢ ਅਤੇ ਚਲਾਕ ਕਿਸਾਨ ਕਰਜ਼ਾ ਚੁੱਕ ਕੇ ਐਸ਼ ਦੀ ਜ਼ਿੰਦਗੀ ਜਿਉਂ ਲੈਂਦੇ ਨੇ, ਪਰ ਇਸਦਾ ਮਤਲਬ ਇਹ ਨਹੀਂ ਕਿ ਸਾਰੇ ਕਿਸਾਨ ਇੱਕੋ ਜਿਹੇ ਹੋਣਗੇ।

ਭਾਰਤ ਦੇ ਬਹੁ ਗਿਣਤੀ ਕਿਸਾਨ ਅਜਿਹੇ ਵੀ ਹਨ ਜਿਹੜੇ ਦੂਜਿਆਂ ਲਈ ਤਾਂ ਅੰਨ ਪੈਦਾ ਕਰਦੇ ਨੇ ਪਰ ਉਨ੍ਹਾਂ ਨੂੰ ਖ਼ੁਦ ਖਾਣ ਨੂੰ ਅੰਨ ਨਹੀਂ ਮਿਲਦਾ। ਕਿਸਾਨੀ ਦਿਨ ਪ੍ਰਤੀ ਦਿਨ ਇੰਨੀ ਡੁੱਬਦੀ ਅਤੇ ਨਸ਼ਟ ਹੁੰਦੀ ਜਾ ਰਹੀ ਹੈ ਕਿ ਕਿਸਾਨ ਹੁਣ ਖੇਤੀ ਛੱਡਣ ਨੂੰ ਵੀ ਮਜਬੂਰ ਹੋ ਚੁੱਕੇ ਹਨ। ਫ਼ਸਲਾਂ ਦੇ ਭਾਅ 'ਤੇ ਐਮਐਸਪੀ ਨਾ ਮਿਲਣਾ ਅਤੇ ਕਿਸਾਨਾਂ ਦੇ ਨਾਲ ਕੀਤੇ ਵਾਅਦਿਆਂ ਦੇ ਮੁਤਾਬਿਕ ਸਹੀ ਸਰਕਾਰੀ ਮੰਡੀਕਰਨ ਨਾ ਹੋਣ ਦੇ ਕਾਰਨ ਕਿਸਾਨ ਖੇਤੀ ਛੱਡਣ ਲਈ ਮਜਬੂਰ ਹਨ। ਪੰਜਾਬ ਵਿੱਚ ਆਏ ਸੀਜ਼ਨ ਵਿੱਚ ਹੀ ਅਸੀਂ ਦੇਖਦੇ ਹਾਂ ਕਿ ਕਿਸਾਨ ਆਲੂ, ਸ਼ਿਮਲਾ ਮਿਰਚਾਂ ਤੋਂ ਇਲਾਵਾ ਮੱਕੀ, ਕਪਾਹ ਖੇਤਾਂ ਵਿੱਚ ਹੀ ਵਾਹ ਦਿੰਦੇ ਹਨ। ਇਸਦਾ ਇਹ ਕਾਰਨ ਹੈ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਦਾ ਪੂਰਾ ਭਾਅ ਬਾਜ਼ਾਰ ਵਿੱਚ ਨਹੀਂ ਮਿਲ ਪਾਉਂਦਾ ਜਿਸ ਦੇ ਕਾਰਨ ਉਹ ਫ਼ਸਲ ਨੂੰ ਵਾਹੁਣ ਲਈ ਮਜਬੂਰ ਹੋ ਜਾਂਦੇ ਹਨ। ਕਿਸਾਨ ਕੋਲੋਂ ਸਸਤੇ ਭਾਅ ਖ਼ਰੀਦੀ ਗਈ ਚੀਜ਼ ਨੂੰ ਜਦੋਂ ਵਪਾਰੀ ਲੈ ਕੇ ਬਾਜ਼ਾਰ ਜਾਂਦਾ ਹੈ ਤਾਂ ਉਹ ਉਸੇ ਚੀਜ਼ ਨੂੰ ਚੌਗੁਣੇ ਭਾਅ ਵੇਚਦਾ ਹੈ। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਅੰਨ ਉਗਾਉਣ ਵਾਲਾ ਦਿਨ ਪ੍ਰਤੀ ਦਿਨ ਗ਼ਰੀਬ ਹੁੰਦਾ ਜਾ ਰਿਹਾ ਹੈ ਤੇ ਉਸ ਨੂੰ ਪੈਕ ਕਰਕੇ ਵੇਚਣ ਵਾਲਾ ਕਾਰਪੋਰੇਟ ਘਰਾਣਾ ਦਿਨ ਪ੍ਰਤੀ ਦਿਨ ਅਮੀਰ ਹੁੰਦਾ ਜਾ ਰਿਹਾ ਹੈ। ਖ਼ੈਰ ਇਹ ਵੇਲਾ ਸੋਚਣ ਦਾ ਹੈ ਕਿ ਅੰਨ ਉਗਾਉਣ ਵਾਲਾ ਗ਼ਰੀਬ ਅਤੇ ਉਸੇ ਅੰਨ ਨੂੰ ਪੈਕ ਕਰਕੇ ਵੇਚਣ ਵਾਲਾ ਵਪਾਰੀ ਅਮੀਰ ਕਿਉਂ ਹੁੰਦਾ ਜਾ ਰਿਹਾ ਹੈ ? ਵੈਸੇ, ਜਦੋਂ ਤੱਕ ਸਰਕਾਰਾਂ ਚੰਗੀਆਂ ਨੀਤੀਆਂ ਬਣਾ ਕੇ ਉਨ੍ਹਾਂ ਨੂੰ ਗਰਾਊਡ 'ਤੇ ਲਾਗੂ ਨਹੀਂ ਕਰਦੀਆਂ ਉਦੋਂ ਤੱਕ ਕਿਸਾਨ ਇਸੇ ਤਰ੍ਹਾਂ ਮਰਦੇ ਰਹਿਣਗੇ ਅਤੇ ਕਰਜ਼ੇ ਹੇਠਾਂ ਡੁੱਬੇ ਰਹਿਣਗੇ। ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਨੂੰ ਐਮਐਸਪੀ 'ਤੇ ਵੇਚਿਆ ਜਾਣਾ ਲਾਜ਼ਮੀ ਹੋਣਾ ਚਾਹੀਦਾ ਹੈ ਤਾਂ ਹੀ ਕਿਸਾਨ ਦੇ ਪੱਲੇ ਕੁੱਝ ਪੈ ਸਕਦਾ ਹੈ। ਅਜੋਕੇ ਯੁੱਗ ਵਿੱਚ ਤਾਂ ਸਭ ਕੁੱਝ ਵੱਖਰਾ ਹੀ ਹੋ ਰਿਹਾ, ਫ਼ਸਲ ਉਗਾ ਕੇ ਵੱਡੀ ਕਰਕੇ ਮੰਡੀ ਵੇਚਣ ਵਾਲਾ ਕਿਸਾਨ ਆਪਣੀ ਫ਼ਸਲ ਦਾ ਖ਼ੁਦ ਭਾਅ ਵੀ ਨਹੀਂ ਲਾ ਪਾ ਰਿਹਾ ਕਿਉਂਕਿ ਉਸ 'ਤੇ ਵੀ ਇੱਕ ਵੱਡਾ ਕਾਰਪੋਰੇਟ ਘਰਾਣਾ ਹਕੂਮਤ ਦੁਆਰਾ ਬਿਠਾਇਆ ਹੋਇਆ ਹੈ ਜਿਸ ਦੁਆਰਾ ਕਿਸਾਨ ਦੀ ਲੁੱਟ ਕੀਤੀ ਜਾ ਰਹੀ ਹੈ ਅਤੇ ਉਸ ਦੀ ਫ਼ਸਲ ਨੂੰ ਸਸਤੇ ਭਾਅ ਖ਼ਰੀਦ ਕੇ ਮਹਿੰਗੇ ਭਾਅ ਵੇਚਿਆ ਜਾ ਰਿਹਾ ਹੈ ਜਿਸ ਦੇ ਕਾਰਨ ਕਿਸਾਨਾਂ ਨੂੰ ਉਸ ਦੀ ਲਾਗਤ ਦਾ ਮੁੱਲ ਵੀ ਨਹੀਂ ਮਿਲ ਰਿਹਾ। ਕਿਸਾਨਾਂ ਦੁਆਰਾ ਉਗਾਈਆਂ ਜਾਂਦੀਆਂ ਫ਼ਸਲਾਂ ਜਦੋਂ ਤੱਕ ਸਹੀ ਰੇਟ 'ਤੇ ਨਹੀਂ ਵਿਕਣਗੀਆਂ ਉਦੋਂ ਤੱਕ ਕਿਸਾਨ ਕਰਜ਼ਾਈ ਹੁੰਦੇ ਰਹਿਣਗੇ ਅਤੇ ਕਰਜ਼ੇ ਦੀ ਮਾਰ ਹੇਠ ਦੱਬੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪੈਂਦੇ ਰਹਿਣਗੇ। ਹਕੂਮਤਾਂ ਤੋਂ ਉਮੀਦ ਇਹੋ ਹੈ ਕਿ ਉਹ ਕਿਸਾਨਾਂ ਨੂੰ ਕਰਜ਼ੇ ਤੋਂ ਪੂਰਨ ਤੌਰ 'ਤੇ ਮੁਕਤ ਕਰਨ ਲਈ ਕੋਈ ਵਧੀਆ ਨੀਤੀ ਬਣਾਉਣ ਤਾਂ ਜੋ ਕਿਸਾਨ ਦੀ ਆਮਦਨ ਵੀ ਵੱਧ ਸਕੇ ਅਤੇ ਕਿਸਾਨ ਕਰਜ਼ੇ ਦੀ ਮਾਰ ਹੇਠ ਵੀ ਨਾ ਆਵੇ।

ਗੁਰਪ੍ਰੀਤ 9569820314



Preetnama

प्रीतनामा

खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 342 | Website: www.preetnama.com Email preetnamausa@gmail.com | 20 FEB TO 26 FEB, 2026


# टैरिफ के बावजूद आर्थिक क्षेत्र में अमेरिका से आगे निकलता शेष विश्व

**प्रहलाद सबनानी**




दिनांक 20 जनवरी 2025 को डॉनल्ड ट्रम्प अमेरिका के 47वें राष्ट्रपति बनाए गए थे। वर्ष 2024 में ट्रम्प ने अमेरिका में राष्ट्रपति चुनाव अमेरिका को पुन: महान बनाएं, नारे के साथ जीता था। वर्ष 2025 का पूरा वर्ष भर पूरे विश्व ने ट्रम्प को अमेरिकी राष्ट्रपति के रूप में कार्य करते हुए देखा। लगभग पूरा 2025 का वर्ष ट्रम्प ने विभिन्न देशों से अमेरिका को होने वाले उत्पादों के आयात पर टैरिफ लगाते हुए बिताया और मित्र देशों सहित कई देशों से अमेरिका को होने वाले निर्यात पर भारी भरकम टैरिफ लगाए। ट्रम्प का सोचना था कि टैरिफ को बढ़ाकर वे अन्य देशों से अमेरिका को होने वाले निर्यात को कम करेंगे और इससे अमेरिका में ही इन उत्पादों का उत्पादन प्रारम्भ हो जाएगा। ट्रम्प का संभवत: यह सोचना था कि उनका यह प्रयास अमेरिका को महान बनाते हुए शेष विश्व को विपरीत रूप से प्रभावित करेगा। परंतु, वर्ष 2025 में अमेरिका एवं शेष विश्व के आर्थिक क्षेत्र के आंकडें देखने पर ध्यान में आता है कि अमेरिका के मित्र राष्ट्रों सहित विभिन्न देशों से अमेरिका को होने वाले निर्यात पर लगाए गए टैरिफ का असर अन्य देशों की अर्थव्यवस्थाओं पर लगभग नहीं के बराबर पड़ा है। बल्कि, इसका खामियाजा अमेरिका के नागरिकों को भुगतना पड़ा है। अमेरिका द्वारा लगाए गए टैरिफ से अमेरिका में उत्पादों की कीमतों में बेतहाशा बृद्धि दर्ज हुई है, इससे मुद्रा स्फीति में वृद्धि तेज हुई है एवं अमेरिकी नागरिकों को विभिन्न उत्पादों को बढ़ी हुई कीमतों दरों पर खरीदना पड़ रहा है। अमेरिकी नागरिक पिछले 5 वर्षों की तुलना में आज खाद्य सामग्री पर 30 प्रतिशत अधिक खर्च कर रहे हैं। अमेरिका में उपभोक्ता वस्तुओं की कीमतें 22 प्रतिशत से बढ़ चुकी हैं। खाद्य पदार्थों एवं मकान की कीमतों में 30 प्रतिशत की वृद्धि दर्ज हुई हैं। अमेरिका में मुद्रा स्फीति की दर भी 3 से 4 प्रतिशत के बीच बनी हुई है, जो पिछले कई वर्षों की तुलना में बहुत अधिक है। अमेरिका द्वारा लगाए गए टैरिफ से परेशान हो रहा है अमेरिकी नागरिक, न कि अन्य कोई देश। श्री रुचिर शर्मा, भारतीय मूल के अमेरिकी लेखक एवं फायनैन्शल टाइम्स के स्तम्भ लेखक, ने अपने एक साक्षात्कार में कई आंकडें दिए हैं, जिनका प्रयोग इस लेख को तैयार करने में किया गया है। अमेरिका द्वारा विभिन्न देशों से अमेरिका को होने वाले आयात पर लगाए गए टैरिफ के पश्चात अमेरिका के सकल घरेलू उत्पाद में वृद्धि दर कम होती हुई दिखाई दे रही है। वर्ष 2024 में अमेरिका में सकल घरेलू उत्पाद की वृद्धि दर 2.8 प्रतिशत की रही थी जो वर्ष 2025 में घटकर 2.1 प्रतिशत हो गई। जबकि वैश्विक स्तर पर सकल घरेलू उत्पाद में वृद्धि दर दोनों वर्षों, 2024 एवं 2025, में 2.8 प्रतिशत बनी रही है। वर्ष 2025 में वैश्विक सकल घरेलू उत्पाद में किसी प्रकार की कमी दृष्टिगोचर नहीं हुई है। भारत में सकल घरेलू उत्पाद में वर्ष 2024 में वृद्धि दर, 6.5 प्रतिशत की रही थी, जो वर्ष वर्ष 2025 में बढ़कर 7.2 प्रतिशत की हो गई। वर्ष 2024 में उभरती अर्थव्यवस्थाओं में से 52 प्रतिशत देशों की प्रति व्यक्ति सकल उत्पाद में वृद्धि दर अमेरिका की तुलना में अधिक रही थी जबकि वर्ष 2025 में 76 प्रतिशत देशों की प्रति व्यक्ति सकल उत्पाद में वृद्धि दर अमेरिका की तुलना में अधिक रही है। वर्ष 2025 में उभरती अर्थव्यवस्थाओं में आर्थिक विकास दर तेज गति बढ़ती हुई पाई गई है। इस प्रकार, अमेरिका द्वारा विभिन्न देशों से अमेरिका को होने वाले निर्यात पर लगाए गए टैरिफ के बावजूद शेष विश्व में सकल घरेलू उत्पाद में वृद्धि दर अमेरिका से अधिक रही है। इस प्रकार अमेरिका द्वारा लगाए गए टैरिफ का प्रभाव अन्य देशों के विकास पर विपरीत रूप से नहीं पड़ा है। अमेरिका के पूंजी (शेयर) बाजार में भी वर्ष 2025 में निवेशकों को अपने निवेश पर कम आय प्राप्त हुई है।

अमेरिका में निवेशकों द्वारा पूंजी (शेयर) बाजार में किए गए निवेश पर 18 प्रतिशत की आय का अर्जन हुआ है। जबकि, यूरोप में निवेशकों को 35 प्रतिशत, उभरती हुई अर्थव्यवस्थाओं में निवेशकों को 34 प्रतिशत, अमेरिका को छोड़कर शेष विश्व में निवेशकों को 32 प्रतिशत एवं चीन में निवेशकों को 31 प्रतिशत की आय अर्जित हुई है। इस प्रकार, अमेरिका की तुलना में अन्य देशों में पूंजी (शेयर) बाजार में निवेशकों को लगभग दुगनी आय अर्जित हुई है। अमेरिकी नागरिकों का पूंजी (शेयर) बाजार में निवेश तुलनात्मक रूप से अधिक है। अमेरिकी नागरिकों का जायदाद में निवेश 30 प्रतिशत है जबकि शेयर बाजार में 32 प्रतिशत निवेश है।

चीन के नागरिकों का जायदाद में निवेश 55 प्रतिशत एवं शेयर बाजार में निवेश केवल 11 प्रतिशत है। इसी प्रकार, यूरोप के नागरिकों का निवेश क्रमश: 57 प्रतिशत एवं 16 प्रतिशत है। भारतीय नागरिकों के निवेश क्रमश: 50 प्रतिशत एवं 7 प्रतिशत है। अमेरिका द्वारा अन्य देशों से अमेरिका में होने वाले आयात पर लगाए गए टैरिफ के चलते अमेरिका का राजकोषीय घाटा वर्ष 2024 के सकल घरेलू उत्पाद के 6.9 प्रतिशत से घटकर वर्ष 2025 में 6 प्रतिशत हो गया है। यह तथ्य उभरकर भी सामने आया है कि टैरिफ के कारण अमेरिका में उत्पादों की कीमतों में वृद्धि हुई है एवं टैरिफ का लगभग 96 प्रतिशत भाग अमेरिकी नागरिकों द्वारा वहन किया गया है। इसके कारण अन्य देशों से अमेरिका को निर्यात कम नहीं हुए हैं। यूरोप का राजकोषीय घाटा वर्ष 2024 के 3.1 प्रतिशत से बढ़कर वर्ष 2025 में 3.2 प्रतिशत हो गया है। उभर रही अर्थव्यवस्थाओं का राजकोषीय घाटा वर्ष 2024 के 4.6 प्रतिशत से बढ़कर वर्ष 2025 में 4.8 प्रतिशत हो गया है। पूर्व में विभिन्न देशों का राजकोषीय घाटा लगभग 3 प्रतिशत तक रहता आया है जबकि वर्तमान परिस्थितियों के मध्य, विभिन्न देशों का राजकोषीय घाटा बढ़ते हुए 6 प्रतिशत के स्तर तक रहने लगा है। यह स्थिति वित्तीय क्षेत्र के लिए अच्छा संकेत नहीं है। वर्ष 2025 में विदेशी व्यापार में वृद्धि दर भी अमेरिका की तुलना में अन्य देशों में अधिक रही है।

अमेरिका को छोड़कर शेष विश्व के निर्यात में वर्ष 2019 से 2024 के दौरान औसत 5 प्रतिशत की वृद्धि रही थी जो वर्ष 2025 में बढ़कर 6.4 प्रतिशत की हो गई है।

# स्वस्थ रहने के लिए अलसी का सेवन बेहद लाभकारी



स्वस्थ रहने के लिए हमें अपने आहार में फल-सब्जियों के साथ-साथ विभिन्न तरह के बीजों को भी जरूर शामिल करना चाहिए। ऐसे ही बीजों में से एक है अलसी, जिसमें ओमेगा-3 फैटी एसिड, प्रोटीन, फाइबर, विटामिन्स और मिनरल्स पाए जाते हैं। ये शरीर को स्वस्थ रखने में फायदेमंद हैं। अलसी के बीजों से बने काढ़े का नियमित रूप से सेवन कई बीमारियों के इलाज में फायदेमंद है।

**कैसे तैयार करें काढ़ा**

दो चम्मच अलसी के बीजों को दो कप पानी में मिक्स करें और आधा रह जाने तक उबालें। तैयार काढ़ा छान लें और थोड़ा ठंडा होने पर पिएं।

**फायदे हैं अनेक**

ब्लड शुगर करे नियंत्रित- डायबिटीज और ब्लड शुगर की समस्या से पीड़ित लोगों के लिए अलसी का काढ़ा वरदान साबित होता है। नियमित रूप से सुबह खाली पेट असली के काढ़े के सेवन से डायबिटीज का स्तर नियंत्रित रहता है।

थाइरॉएड में असरदार- सुबह खाली पेट अलसी का एक कप काढ़ा हाइपोथाइरॉएड और हाइपरथाइरॉएड दोनों स्थितियों में फायदेमंद है।

हार्ट ब्लॉकेज को करे दूर- नियमित रूप से तीन महीने तक अलसी का काढ़ा पीने से आर्टरीज में ब्लॉकेज दूर होता है और आपको एंजियोप्लास्टी कराने की जरूरत नहीं पड़ती। अलसी में मौजूद ओमेगा-3 शरीर में बुरे कोलेस्ट्रॉल एलडीएल के स्तर को कम करता है और हृदय संबंधी बीमारियों को रोकने में मदद करता है। हानिकारक विषाक्त पदार्थें को बाहर निकाल कर शरीर को डीटॉक्सीफाई करता है।

जोड़ों के दर्द में दे आराम- साइटिका, नस का दबना, घुटनों जैसे जोड़ों के दर्द में अलसी के काढ़े का नियमित सेवन फायदेमंद है।

मोटापा करे कम- काढ़ा शरीर में जमा हुई अतिरिक्त वसा को निकालने में मदद करता है, जिससे मोटे होने का खतरा नहीं रहता। अलसी में मौजूद फाइबर भूख को कम करता है और शरीर को ऊर्जा प्रदान करता है।

पेट की समस्याओं में कारगर- नियमित रूप से अलसी का काढ़ा पीने से कब्ज, पेट दर्द, पेट अफरना जैसी समस्याओं से छुटकारा मिलता है।

बालों और त्वचा के लिए फायदेमंद- आधा चम्मच अलसी के बीज रोज सुबह गर्म पानी के साथ लेने से बालों के झड़ने की समस्या भी हल होती है। तीन-चार महीने तक नियमित रूप से काढ़ा पीने से बाल सफेद होना रुक जाता है। अलसी के तेल की मालिश करने से बाल मजबूत और चमकदार होते हैं। इससे त्वचा के रूखेपन, कील-मुंहासे, एग्जिमा, एलर्जी जैसी समस्याओं में राहत मिलती है।

टमाटर के सेवन से लिवर कैंसर का खतरा होता है कम -टमाटर का अधिक मात्रा में सेवन करने से लिवर कैंसर का खतरा कम होता है। एक नये अध्ययन के अनुसार टमाटर का अधिक सेवन करने से लिवर कैंसर होने का खतरा कम होता है। टमाटर में लाइकोपीन नाम का एंटीऑक्सीडेंट, एंटी इंफ्लामेट्री और कैंसर को नष्ट करने वाले गुण पाए जाते हैं। टमाटर में मौजूद इन सभी चीजों से लिवर की सूजन, कैंसर का खतरा और अन्य समस्याएं खत्म होती हैं।कच्चे टमाटर के साथ टमाटर की सॉस, केचअप और टमाटर से बने प्रोडक्ट्स में लाइकोपीन भरपूर मात्रा में पाया जाता है। उन्होंने आगे बताया, लिवर कैंसर से सुरक्षित रखने में टमाटर का पाउडर बहुत अहम भूमिका निभाता है। कच्चे टमाटर में विटामिन-ई, विटामिन-सी, फोलेट, मिनरल्स, फिनोलिक कंपाउंड और डायट्री फाइबर पाए जाते हैं। अध्यान में पाया गया कि टमाटर के शरीर में सूजन पैदा करने वाले बैक्टीरिया की ग्रोथ नियंत्रण में रही। इस अध्ययन में शामिल किये गये चूहों को लिवर कार्सिनोजेन से संक्रमित किया गया। इसके बाद उन्हें हाई फैट डाइट दी गई थी। टमाटर के अलावा अमरूद, तरबूज, पपीते में भी लाइकोपीन पाया जाता है लेकिन टमाटर के मुकाबले इन चीजों में लाइकोपीन की मात्रा कम होती है। लाइकोपीन से भरपूर टमाटर और टमाटर से बनी चीजें जैसे टोमेटो सॉस को खाने से भी हृदय रोग, ऑस्टियोपोरोसिस, डायबिटीज, फेफड़े, स्तन और पेट आदि कैंसर का खतरा कम होता है।

इलेक्ट्रॉनिक सिगरेट भी कर सकती है बीमार जकल देखा गया है कि लोग आम सिगरेट की जगह ई-सिगरेट पीने लगे हैं। उनका मानना है कि धुंआ देने वाली सिगरेट की जगह यह इलेक्ट्रॉनिक सिगरेट ज्यादा बेहतर है क्योंकि यह सेहत को कम नुकसान पहुंचाती है लेकिन वास्ताविकता इससे अलग है। ई-सिगरेट भी सेहत पर बुरा असर डालती है। ई-सिगरेट बैटरी से चलने वाले ऐसी डिवाइस हैं जिनमें लिक्विड भरा रहता है। यह निकोटीन और दूसरे हानिकारक केमिकल्स का घोल होता है। जब आप कश खींचते हैं तो हीटिंग डिवाइस इसे गर्म करके भाप में बदल देती है। इसीलिए स्मोकिंग की तर्ज पर वेपिंग कहते हैं। ई-सिगरेट में निकोटीन और दूसरे हानिकारक केमिकल का घोल होता है। निकोटीन अपने आप में ऐसा नशीला पदार्थ है जिसकी लत लग जाती है। इसलिए विशेषकर हृदय रोगियों को ई-सिगरेट से दूर रहना चाहिए। वैज्ञानिक शोधों में यह कहा गया है कि यह दिल की धमनियों को कमजोर भी करता है। इसकी लत पड़ जाती है इसलिए इसे छोड़ने पर विदड्रॉल सिंड्रोम और डिप्रेशन की समस्या हो सकती है। गर्भवती महिलाओं के लिए वेपिंग बहुत खतरनाक है इससे उनके गर्भस्थ शिशु पर बुरा असर पड़ता है। छाटे बच्चों के आसपास इसे पीना ठीक नहीं क्योंकि हानिकारक भाप उनके दिमागी विकास पर असर डालती है। इसमें निकोटीन के अलावा जो खुशबूदार केमिकल भरा होता है वह गर्म होने पर सांस के साथ फेफड़ों में जाता है और फेफड़ों के कैंसर की आशंका बढ़ जाती है।

# मिट्टी में खेलने से बढ़ती है बच्चों की प्रतिरोधक क्षमता

अगर संक्रमण के डर से आप अपने बच्चों को बाहर खेलने से रोक रहे हैं तो आप उन्हें कमजोर बना रहे हैं। यह उनके लिए भविष्य में नुकसानदेह साबित हो सकता है। ऐसे बच्चे जरा से संक्रमण से बीमार पड़ जायेंगे। कहते हैं कि जंग जीतने के लिए मैदान में उतरना जरूरी होता है। इसलिए अगर आप चाहते हैं कि आपके बच्चों में कीटाणुओं और रोगों से लड़ने की क्षमता बढ़े तो उसे अगली बार जुकाम और मामूली रोग से पीड़ित किसी भी व्यक्ति के पास जाने से रोकने की भूल न करें। शुरुआती साल में तो बच्चे को मिट्टी में ही खेलने दें। एक स्वास्थ्य संगठन के अनुसार इस प्रकार बच्चों को जुकाम जैसे छोटे रोग और धूल-मिट्टी के संपर्क में आने से रोक कर आप जाने-अनजाने उसके शरीर की प्रतिरोधक क्षमता कमजोर कर रहे हैं। अगर पड़ोसी के बच्चे को जुकाम हो तो अपने बच्चे को बेझिझक उसके साथ खेलने दीजिए क्योंकि इस तरह से रोग और कीटाणुओं से लड़ने की क्षमता में इजाफा होगा। संगठन द्वारा किए गए एक चिकित्सक शोध के हवाले से उन्होंने कहा है कि जो ग्रामीण बच्चे खेतों की धूल फांकते हुए बड़े होते हैं उन्हें शहरी बच्चों के मुकाबले प्रदूषण और अन्य चीजों से बहुत कम एलर्जी होती है। उन्होंने बताया कि बच्चों को उनके शुरुआती साल में मिट्टी में खेलने देना चाहिए ताकि उनके शरीर की प्रतिरोधक क्षमता बढ़े और शरीर छोटे मोटे रोगों के खिलाफ डटकर खड़ा रह सके।



**बच्चों के इन खिलौनों से रहे सावधान**

घर में छोटे बच्चे हो तो हर सदस्य का ध्यान उसकी तरफ ही रहता है। बच्चे के लिए घर में कई तरह के खिलौने भी लाए जाते हैं। उसके लिए साइकिल,वॉकर,छोटे-छोटे खिलौने ला कर रख दिये जाते हैं। कई बार बच्चे के प्यार में जाने-अनजाने अभिभावक कुछ ऐसी गलतियां कर बैठते हैं,जिससे बच्चे की सेहत को नुकसान पहुंच सकता है। आपके घर में भी छोटा बच्चा है। तो इन बातों पर ध्यान देना बहुत जरूरी है। आपके लिए जानना जरूरी है कि कौन से बच्चों के उत्पाद नुकसान पहुंचा रहे हैं।

टीथर -बच्चे रंग-बिरंगे खिलौने देखकर बहुत खुश होते हैं और हर चीज को मुंह में डालते हैं। आप शायद इस बात को नजरअंदाज कर रहे हैं कि इस खिलौने से बच्चे को संक्रमण होने का डर रहता है। बच्चे को यह खिलौने देने से पहले इस पर धूल मिट्टी के कण पड़े होते हैं। जिसे बहुत से लोग बार-बार साफ नहीं करते और कई बार तो बडे लोगों के हाथ के कीटाणु भी इस पर लग जाते हैं। जिससे बच्चे को उल्टी, पेटदर्द, दस्त जैसी समस्याओं का सामना करना पड़ सकता है।

वाकर -बच्चा जल्दी चलना सीख लें इसलिए ज्यादातर लोग बच्चे को वॉकर लाकर दे देते हैं। माना जाता है कि इसमें बैठकर वह जल्दी चलना सीख जाते हैं और मांसपेशियां भी मजबूत होती हैं। एक शोध में यह बात सामने आई है कि इससे बच्चे को खुद का बैलेंस बनाने में परेशानी होने लगती है। वह डर-डर कर जमीन पर अपने पांव रखता है। दूध की बोतल -छोटे बच्चे के लिए मां का दूध ही सही आहार है। कुछ कामकाजी औरतें बच्चे बोतल से दूध पिलाती हैं। इससे बच्चे के पेट में हवा भर जाती है,जिससे उसे पेट गैस की परेशानी हो सकती है। अगर बोतल में दूध पिला रहे हैं तो साफ-सफाई का भी बहुत ध्यान रखने की जरूरत है।



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342

Website: www.preetnama.com Email preetnamausa@gmail.com

12 FEB TO 18 FEB, 2026


# Coaching culture and child deaths: A failing society in the name of success

The suicide of another student in Kota—this is not ordinary news, nor merely the personal tragedy of a single family. It raises serious questions about the education system, social mindset, and the so-called "success model" that we have unquestioningly accepted over the past two decades. The suicide note of student Kriti, who committed suicide, is not merely a document of personal anguish, but an indictment of our entire society—parents, coaching institutes, schools, and policymakers all fall under its purview.

In her suicide note, Kriti appealed to the Indian government and the Ministry of Human Resources, stating that if they truly wanted to ensure no children died, coaching institutes should be shut down as soon as possible, as these institutions leave students hollow from within. This statement wasn't the result of a momentary impulse, but rather an expression of the long-standing mental torture that millions of students endure daily. The real question isn't why Kriti wrote this, but whether she was wrong.

Today, coaching in India is no longer a means of education, but has become a massive, profit-driven industry. Cities like Kota, Sikar, Hyderabad, Delhi, and Patna are called "education hubs," where millions of teenagers arrive each year carrying the burden of their parents' dreams. At the center of these dreams are a few narrow words—IIT, AIIMS, NEET, rank, and selection. Coaching institutes convince students that if they don't get selected, they are failures. This definition of success is so narrow that it leaves no room for the average student, and there's no human process for recovery from failure.

Kriti's statement that "even a girl who scores 90+ can commit suicide" shatters our myth that mental distress is limited to weak or unsuccessful students. This thinking is not only wrong but also dangerous. Today, the pressure is no longer just about passing exams or getting good marks, but about meeting the expectations of parents, teachers, and society. Every child carries within themselves an imaginary image of the "perfect student," which they constantly lose. Even high marks and excellent performance no longer guarantee mental peace, because the problem isn't the studies themselves, but the environment in which they are taught.

The lines Kriti writes for her mother reveal the root of this entire crisis. She explains that she was forced to choose science, even though her true interests lay in English literature and history. This story isn't limited to one household. It's the reality of thousands, if not millions, of homes across the country, where societal expectations matter more than a child's interests. Parents often forget that a child is not an extension of their unfulfilled ambitions, but an independent individual. Social comparison—that so-and-so's son became a doctor or that so-and-so's daughter made it to IIT—blinds us so much that we overlook our children's desires, abilities, and limitations.


ਨਿਊਜ਼ਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖ਼ਰਾ ਸੱਚ
-Priyanka Saurabh
(Mob.) 7015375570
(Talk + WhatsApp)


Kriti's warning to her younger sister makes this suicide note even more poignant. She wants her sister to be allowed to study what she wants to study and become what she wants to be. Ironically, even as she dies, she's trying to save someone else's life. This warning isn't just for a mother, but for society as a whole, which imposes its dreams on children instead of listening to them.

Today's schools and coaching institutes teach children mathematical formulas, chemical equations, and competitive exam strategies, but they are completely failing to impart life's most important lessons. They fail to teach children how to deal with failure, how to understand mental stress, and that asking for help is not a weakness. Competition has been transformed into a tool of fear rather than inspiration. Rank lists, mock tests, and constant comparisons instill a lasting inferiority complex in children, causing them to view themselves only through the lens of marks and selection.

Each such death is followed by a formal government statement, an investigation ordered, and a few days of debate. After that, everything returns to normal. Coaching institutes are not strictly monitored, their hours are limited, and mental health is not made a compulsory part of education. If the government is truly serious, it must develop a robust policy to ensure strict regulation of the coaching industry, accessible mental health support for students, and a diverse range of career opportunities at the school level.

The biggest question is how we define success. Isn't success about being a good person, staying mentally healthy, and living a fulfilling life in one's field of interest? If not, then we are creating a generation that will be selected, but broken and dissatisfied from within. Kriti's death forces us to wonder if we are killing our children while they are still alive—their desires, their dreams, and their freedom.

Kriti's suicide note is not just a student's final statement, but a societal warning. If we don't listen, understand, and change now, such incidents will never stop. The question isn't who will be next. The real question is whether we will be able to save the next child.

# A Childhood Wrapped up in Reality and Fantasy

- Park Güell & Sagrada Família .
- Flamenco Show with Tapas Dinner Menu in Madrid
- Half day guided tour of Toledo .
- Catedral Primada de Toledo , Pardo museum & Royal Palace .
- Guided City tour of Seville & Royal Alcazar .
- Seville cathedral & Giralda Tower .
- Granada city tour with guide & Alhambra palace .
- Guided tour of Lisbon & Tour to Sintra & Cascais with guide with Pena Palace .
- Guided tour Porto covering Ribeira district & dom luis bridge porto .
- 6 Bridges Douro River Cruise & City tour of Porto .
- Wine cellars in vila nova de Gaia tasting 2 wines.
- All Tours and Transfers on Private Basis as per the itinerary with English speaking Driver and Tour coordinator .




**USD 4695**
Double Occupancy per person

**USD 6695**
Single Occupancy per person

## Contact Details For Booking : Sunrise Tours & Travel

SUNRISE
TOURS AND TRAVEL

22 W Marie St, Hicksville, NY 11801

+1 ( 516)- 690-1257 , (516)- 988-7593 & (516)- 216-4433

msmiglani22@gmail.com & sales@sunrisetoursandtravel.com

# ਹੱਥ ਨਾਲ ਲਿਖਣਾ: ਤੇਜ਼ ਰਫ਼ਤਾਰ ਵਾਲੇ ਸਮੇਂ ਵਿੱਚ ਮਨ ਵਿੱਚ ਇੱਕ ਵਿਰਾਮ



ਅੱਜ ਦਾ ਸਮਾਂ ਰਫ਼ਤਾਰ ਦਾ ਹੈ। ਜਿਵੇਂ ਹੀ ਅਸੀਂ ਸਵੇਰੇ ਆਪਣੀਆਂ ਅੱਖਾਂ ਖੋਲ੍ਹਦੇ ਹਾਂ, ਸਾਡੇ ਮੋਬਾਈਲ ਸਕ੍ਰੀਨਾਂ ਜਗਮਗਾ ਉੱਠਦੀਆਂ ਹਨ, ਜਾਣਕਾਰੀ ਦਾ ਹੜ੍ਹ ਆ ਜਾਂਦਾ ਹੈ, ਅਤੇ ਸਾਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਸਾਡਾ ਦਿਨ ਕਦੋਂ ਸ਼ੁਰੂ ਹੁੰਦਾ ਹੈ ਅਤੇ ਅੰਤ ਵਿੱਚ ਥਕਾਵਟ ਵਿੱਚ ਬਦਲ ਜਾਂਦਾ ਹੈ। ਈਮੇਲ, ਵਟਸਐਪ, ਸੂਚਨਾਵਾਂ ਅਤੇ ਸੋਸ਼ਲ ਮੀਡੀਆ—ਸਾਰੇ ਸਾਡੇ ਧਿਆਨ, ਸਾਡੀਆਂ ਭਾਵਨਾਵਾਂ ਅਤੇ ਸਾਡੇ ਸਮੇਂ 'ਤੇ ਲਗਾਤਾਰ ਦਾਅਵੇ ਕਰਦੇ ਹਨ। ਜਦੋਂ ਕਿ ਇਸ ਡਿਜੀਟਲ ਯੁੱਗ ਵਿੱਚ ਸੰਚਾਰ ਵਧਿਆ ਹੈ, ਸਵੈ-ਗੱਲਬਾਤ ਪਿੱਛੇ ਰਹਿ ਗਈ ਹੈ। ਅਜਿਹੇ ਸੰਦਰਭ ਵਿੱਚ, ਹੱਥ ਲਿਖਤ ਵਰਗੀ ਇੱਕ ਸਧਾਰਨ, ਸ਼ਾਂਤ ਅਤੇ ਗੂੜ੍ਹੀ ਪ੍ਰਕਿਰਿਆ ਦੀ ਮਹੱਤਤਾ ਪਹਿਲਾਂ ਨਾਲੋਂ ਕਿਤੇ ਵੱਧ ਵੱਧ ਜਾਂਦੀ ਹੈ।

ਹੱਥ ਨਾਲ ਲਿਖਣਾ ਸਿਰਫ਼ ਸ਼ਬਦਾਂ ਨੂੰ ਕਾਗਜ਼ 'ਤੇ ਲਿਖਣ ਬਾਰੇ ਨਹੀਂ ਹੈ; ਇਹ ਮਨ ਨੂੰ ਗਤੀ ਤੋਂ ਸਥਿਰਤਾ ਵੱਲ ਬਦਲਣ ਬਾਰੇ ਹੈ। ਜਦੋਂ ਅਸੀਂ ਕਲਮ ਚੁੱਕਦੇ ਹਾਂ, ਤਾਂ ਸਰੀਰ ਅਤੇ ਮਨ ਇਕਸੁਰਤਾ ਵਿੱਚ ਆ ਜਾਂਦੇ ਹਨ। ਉਂਗਲਾਂ ਦੀ ਗਤੀ, ਸਿਆਹੀ ਦਾ ਪ੍ਰਵਾਹ, ਅਤੇ ਕਾਗਜ਼ ਦਾ ਛੋਹ - ਇਹ ਸਾਰੇ ਇਕੱਠੇ ਕੰਮ ਕਰਦੇ ਹਨ ਤਾਂ ਜੋ ਸਾਡੇ ਅੰਦਰਲੇ ਸ਼ੋਰ ਨੂੰ ਹੌਲੀ-ਹੌਲੀ ਸ਼ਾਂਤ ਕੀਤਾ ਜਾ ਸਕੇ। ਇਹੀ ਕਾਰਨ ਹੈ ਕਿ, ਦਿਨ ਦੇ ਅੰਤ ਵਿੱਚ, ਸੌਣ ਤੋਂ ਪਹਿਲਾਂ, ਜੇਕਰ ਕੋਈ ਵਿਅਕਤੀ ਆਪਣੀ ਰੋਜ਼ਾਨਾ ਦੀ ਰੁਟੀਨ ਦੀਆਂ ਪੰਜ ਲਾਈਨਾਂ ਵੀ ਲਿਖਦਾ ਹੈ, ਤਾਂ ਉਸਨੂੰ ਇੱਕ ਅਣਗਿਣਤ ਸ਼ਾਂਤੀ ਮਿਲਦੀ ਹੈ - ਇੱਕ ਅਜਿਹੀ ਸ਼ਾਂਤੀ ਜਿਸਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ।

ਅੱਜ ਦੀ ਜੀਵਨ ਸ਼ੈਲੀ ਵਿੱਚ ਤਣਾਅ, ਚਿੰਤਾ ਅਤੇ ਨੀਂਦ ਨਾ ਆਉਣਾ ਆਮ ਸਮੱਸਿਆਵਾਂ ਬਣ ਗਈਆਂ ਹਨ। ਅਸੀਂ ਸਾਰਾ ਦਿਨ ਦੂਜਿਆਂ ਬਾਰੇ ਸੋਚਦੇ ਰਹਿੰਦੇ ਹਾਂ - ਕੰਮ, ਪਰਿਵਾਰ ਅਤੇ ਸਮਾਜ - ਪਰ ਆਪਣੇ ਆਪ ਨਾਲ ਗੱਲ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਲਿਖਣਾ ਇਸ ਪਾੜੇ ਨੂੰ ਭਰਦਾ ਹੈ। ਜਦੋਂ ਅਸੀਂ ਆਪਣੇ ਅਨੁਭਵਾਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਕਾਗਜ਼ 'ਤੇ ਪਾਉਂਦੇ ਹਾਂ, ਤਾਂ ਅਸੀਂ ਉਨ੍ਹਾਂ ਨੂੰ ਸਵੀਕਾਰ ਕਰਦੇ ਹਾਂ। ਇਹ ਸਵੀਕ੍ਰਿਤੀ ਮਾਨਸਿਕ ਸ਼ਾਂਤੀ ਲਈ ਪਹਿਲਾ ਕਦਮ ਹੈ। ਉਹ ਚੀਜ਼ਾਂ ਜੋ ਅਕਸਰ ਸਾਡੇ ਮਨਾਂ ਵਿੱਚ ਗੜਬੜ ਦੇ ਰੂਪ ਵਿੱਚ ਰਹਿੰਦੀਆਂ ਹਨ, ਜਦੋਂ ਅਸੀਂ ਉਨ੍ਹਾਂ ਨੂੰ ਲਿਖਦੇ ਹਾਂ ਤਾਂ ਸਪੱਸ਼ਟ ਹੋ ਜਾਂਦੀਆਂ ਹਨ।

ਨਿਊਜ਼ਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਪ੍ਰਿਯੰਕਾ ਸੌਰਭ
ਮੋਬਾਈਲ: 7015375570

ਮਾਹਿਰਾਂ ਦਾ ਮੰਨਣਾ ਹੈ ਕਿ ਹੱਥ ਲਿਖਤ ਦਿਮਾਗ ਦੇ ਉਹਨਾਂ ਹਿੱਸਿਆਂ ਨੂੰ ਸਰਗਰਮ ਕਰਦੀ ਹੈ ਜੋ ਭਾਵਨਾਤਮਕ ਸੰਤੁਲਨ ਅਤੇ ਯਾਦਦਾਸ਼ਤ ਵਿੱਚ ਸ਼ਾਮਲ ਹੁੰਦੇ ਹਨ। ਹੱਥ ਲਿਖਤ ਦਾ ਡਿਜੀਟਲ ਟਾਈਪਿੰਗ ਨਾਲੋਂ ਵਧੇਰੇ ਡੂੰਘਾ ਪ੍ਰਭਾਵ ਪੈਂਦਾ ਹੈ, ਕਿਉਂਕਿ ਇਹ ਸੋਚ ਅਤੇ ਲਿਖਣ ਵਿਚਕਾਰ ਸਿੱਧਾ ਸਬੰਧ ਬਣਾਉਂਦਾ ਹੈ। ਇਹੀ ਕਾਰਨ ਹੈ ਕਿ ਜਦੋਂ ਅਸੀਂ ਆਪਣੀਆਂ ਚਿੰਤਾਵਾਂ, ਡਰ ਜਾਂ ਥਕਾਵਟ ਲਿਖਦੇ ਹਾਂ, ਤਾਂ ਉਨ੍ਹਾਂ ਦਾ ਬੋਝ ਹਲਕਾ ਮਹਿਸੂਸ ਹੁੰਦਾ ਹੈ। ਇਹ ਪ੍ਰਕਿਰਿਆ ਸਵੈ-ਇਲਾਜ ਦਾ ਇੱਕ ਰੂਪ ਬਣ ਜਾਂਦੀ ਹੈ - ਬਿਨਾਂ ਦਵਾਈ ਦੇ, ਬਿਨਾਂ ਖਰਚੇ ਦੇ।

ਰਾਤ ਨੂੰ ਲਿਖਣ ਦੀ ਆਦਤ ਨੂੰ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਦਿਨ ਦੀਆਂ ਘਟਨਾਵਾਂ, ਭਾਵਨਾਵਾਂ ਅਤੇ ਪ੍ਰਤੀਕਿਰਿਆਵਾਂ ਮਨ ਵਿੱਚ ਇਕੱਠੀਆਂ ਹੁੰਦੀਆਂ ਹਨ। ਜੇਕਰ ਅਸੀਂ ਉਨ੍ਹਾਂ ਨੂੰ ਉੱਥੇ ਹੀ ਛੱਡ ਦਿੰਦੇ ਹਾਂ ਅਤੇ ਸੌਂ ਜਾਂਦੇ ਹਾਂ, ਤਾਂ ਉਹ ਸਾਡੀ ਨੀਂਦ ਵਿੱਚ ਵੀ ਸਾਡਾ ਪਿੱਛਾ ਕਰਦੇ ਹਨ। ਪਰ ਜਦੋਂ ਅਸੀਂ ਉਨ੍ਹਾਂ ਨੂੰ ਸੌਣ ਤੋਂ ਪਹਿਲਾਂ ਲਿਖਦੇ ਹਾਂ, ਤਾਂ ਮਨ ਨੂੰ ਇੱਕ ਸੰਕੇਤ ਮਿਲਦਾ ਹੈ ਕਿ ਦਿਨ ਖਤਮ ਹੋ ਗਿਆ ਹੈ। ਇਹ ਸੰਕੇਤ ਨੀਂਦ ਦੀ ਗੁਣਵੱਤਾ ਨੂੰ ਵੀ ਸੁਧਾਰਦਾ ਹੈ। ਸਿਰਫ਼ ਪੰਜ ਲਾਈਨਾਂ ਵੀ - ਅੱਜ ਕੀ ਚੰਗਾ ਰਿਹਾ, ਕੀ ਮੁਸ਼ਕਲ ਜਾਪਦਾ ਸੀ, ਕੀ ਤੁਹਾਨੂੰ ਮੁਸਕਰਾਇਆ, ਕੀ ਤੁਹਾਨੂੰ ਸਿਖਾਇਆ - ਕਾਫ਼ੀ ਹਨ। ਹੱਥ ਨਾਲ ਲਿਖਣਾ ਸਾਨੂੰ ਇਮਾਨਦਾਰ ਬਣਾਉਂਦਾ ਹੈ। ਇੱਥੇ ਕੋਈ ਪਸੰਦ ਨਹੀਂ, ਕੋਈ ਟਿੱਪਣੀ ਨਹੀਂ, ਕੋਈ ਬਾਹਰੀ ਮੁਲਾਂਕਣ ਨਹੀਂ। ਇਹ ਇੱਕ ਨਿੱਜੀ ਜਗ ?ਹਾ ਹੈ ਜਿੱਥੇ ਅਸੀਂ ਬਿਨਾਂ ਕਿਸੇ ਡਰ ਦੇ ਆਪਣਾ ਸੱਚ ਬੋਲ ਸਕਦੇ ਹਾਂ। ਅਕਸਰ, ਅਸੀਂ ਸਮਾਜ ਦੇ ਡਰ ਜਾਂ ਦੂਜਿਆਂ ਦੀਆਂ ਉਮੀਦਾਂ ਤੋਂ ਆਪਣੀਆਂ ਭਾਵਨਾਵਾਂ ਨੂੰ ਦਬਾਉਂਦੇ ਹਾਂ। ਲਿਖਣਾ ਉਨ੍ਹਾਂ ਨੂੰ ਇੱਕ ਸੁਰੱਖਿਅਤ ਰਸਤਾ ਦਿੰਦਾ ਹੈ। ਕਾਗਜ਼ ਸਾਡੇ ਬਾਰੇ ਗਵਾਹੀ ਦਿੰਦਾ ਹੈ - ਇਹ ਨਿਰਣਾ ਨਹੀਂ ਕਰਦਾ, ਇਹ ਸਿਰਫ਼ ਸੁਣਦਾ ਹੈ।

ਇਹ ਆਦਤ ਅੱਜ ਬੱਚਿਆਂ ਅਤੇ ਨੌਜਵਾਨਾਂ ਦੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਬਣ ਗਈ ਹੈ। ਡਿਜੀਟਲ ਸਿੱਖਿਆ ਅਤੇ ਸਕ੍ਰੀਨ-ਅਧਾਰਤ ਮਨੋਰੰਜਨ ਨੇ ਉਨ੍ਹਾਂ ਦੀ ਲਿਖਣ ਦੀ ਯੋਗਤਾ ਅਤੇ ਇਕਾਗਰਤਾ ਨੂੰ ਪ੍ਰਭਾਵਿਤ ਕੀਤਾ ਹੈ। ਹੱਥ ਨਾਲ ਲਿਖਣ ਦੀ ਆਦਤ ਨਾ ਸਿਰਫ਼ ਭਾਸ਼ਾ ਅਤੇ ਪ੍ਰਗਟਾਵੇ ਨੂੰ ਮਜ਼ਬੂਤ ? ?ਬਣਾਉਂਦੀ ਹੈ, ਸਗੋਂ ਧੀਰਜ ਅਤੇ ਅਨੁਸ਼ਾਸਨ ਵੀ ਸਿਖਾਉਂਦੀ ਹੈ। ਜਦੋਂ ਕੋਈ ਬੱਚਾ ਜਾਂ ਨੌਜਵਾਨ ਆਪਣੇ ਵਿਚਾਰ ਲਿਖਣਾ ਸਿੱਖਦਾ ਹੈ, ਤਾਂ ਉਹ ਭਾਵਨਾਤਮਕ ਤੌਰ 'ਤੇ ਵਧੇਰੇ ਸੰਤੁਲਿਤ ਹੋ ਜਾਂਦੇ ਹਨ। ਇਹ ਮਾਨਸਿਕ ਸਿਹਤ ਵੱਲ ਇੱਕ ਸ਼ਕਤੀਸ਼ਾਲੀ ਕਦਮ ਹੈ। ਇਤਿਹਾਸ ਗਵਾਹ ਹੈ ਕਿ ਲਿਖਣਾ ਹਮੇਸ਼ਾ ਆਤਮ-ਨਿਰੀਖਣ ਦਾ ਇੱਕ ਸਾਧਨ ਰਿਹਾ ਹੈ। ਡਾਇਰੀ ਲਿਖਣਾ, ਪੱਤਰ ਲਿਖਣਾ, ਜਾਂ ਵਿਚਾਰਾਂ ਨੂੰ ਲਿਖਣਾ - ਇਹ ਪਰੰਪਰਾਵਾਂ ਸਿਰਫ਼ ਸਾਹਿਤਕ ਹੀ ਨਹੀਂ ਸਨ ਸਗੋਂ ਮਾਨਸਿਕ ਸਿਹਤ ਨਾਲ ਵੀ ਜੁੜੀਆਂ ਹੋਈਆਂ ਸਨ। ਅੱਜ, ਜਿਵੇਂ-ਜਿਵੇਂ ਅਸੀਂ ਇਨ੍ਹਾਂ ਪਰੰਪਰਾਵਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ, ਉਦਾਸੀ ਅਤੇ ਇਕੱਲਤਾ ਵਧ ਰਹੀ ਹੈ। ਇਹ ਕੋਈ ਇਤਫ਼ਾਕ ਨਹੀਂ ਹੈ, ਸਗੋਂ ਇੱਕ ਸੰਕੇਤ ਹੈ ਕਿ ਸਾਨੂੰ ਆਪਣੀਆਂ ਜੜ੍ਹਾਂ ਵੱਲ ਵਾਪਸ ਜਾਣ ਦੀ ਲੋੜ ਹੈ।

ਇਸ ਗੱਲ 'ਤੇ ਜ਼ੋਰ ਦੇਣਾ ਵੀ ਜ਼ਰੂਰੀ ਹੈ ਕਿ ਹੱਥ ਨਾਲ ਲਿਖਣਾ ਤਕਨਾਲੋਜੀ ਦੇ ਵਿਰੋਧੀ ਨਹੀਂ ਹੈ। ਤਕਨਾਲੋਜੀ ਨੇ ਜ਼ਿੰਦਗੀ ਨੂੰ ਸੁਵਿਧਾਜਨਕ ਬਣਾ ਦਿੱਤਾ ਹੈ, ਪਰ ਸੰਤੁਲਨ ਬਣਾਈ ਰੱਖਣਾ ਸਾਡੀ ਜ਼ਿੰਮੇਵਾਰੀ ਹੈ। ਜਿਵੇਂ ਕਸਰਤ ਸਰੀਰ ਲਈ ਜ਼ਰੂਰੀ ਹੈ, ਲਿਖਣਾ ਮਨ ਲਈ ਜ਼ਰੂਰੀ ਹੋ ਸਕਦਾ ਹੈ। ਅਸੀਂ ਦਿਨ ਵੇਲੇ ਡਿਜੀਟਲ ਮੀਡੀਆ 'ਤੇ ਭਰੋਸਾ ਕਰ ਸਕਦੇ ਹਾਂ, ਪਰ ਰਾਤ ਨੂੰ ਆਪਣੇ ਲਈ ਕੁਝ ਪਲ ਕੱਢਣਾ - ਕਲਮ ਅਤੇ ਕਾਗਜ਼ ਨਾਲ - ਇੱਕ ਸਿਹਤਮੰਦ ਆਦਤ ਹੈ।

ਬਹੁਤ ਸਾਰੇ ਲੋਕ ਲਿਖਣਾ ਸ਼ੁਰੂ ਨਹੀਂ ਕਰਦੇ, ਇਹ ਸੋਚ ਕੇ ਕਿ ਉਹ ÷ਚੰਗਾ ਲਿਖਣਾ÷ ਨਹੀਂ ਜਾਣਦੇ। ਪਰ ਲਿਖਣ ਦਾ ਉਦੇਸ਼ ਸਾਹਿਤ ਸਿਰਜਣਾ ਨਹੀਂ ਹੈ, ਸਗੋਂ ਮਨ ਨੂੰ ਸ਼ੁੱਧ ਕਰਨਾ ਹੈ। ਇੱਥੇ ਵਿਆਕਰਣ, ਸ਼ੈਲੀ, ਜਾਂ ਸੁੰਦਰ ਸ਼ਬਦ ਜ਼ਰੂਰੀ ਨਹੀਂ ਹਨ। ਬਸ ਜੋ ਤੁਸੀਂ ਮਹਿਸੂਸ ਕਰਦੇ ਹੋ ਉਹ ਲਿਖਣਾ ਕਾਫ਼ੀ ਹੈ। ਕਈ ਵਾਰ ਟੁੱਟੀਆਂ ਲਾਈਨਾਂ ਵੀ ਦਿਲ ਦੀ ਸੱਚੀ ਆਵਾਜ਼ ਹੁੰਦੀਆਂ ਹਨ। ਸਮਾਜਿਕ ਪੱਧਰ 'ਤੇ ਲਿਖਣ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਨਾਲ ਮਾਨਸਿਕ ਸਿਹਤ ਵਿੱਚ ਮਹੱਤਵਪੂਰਨ ਬਦਲਾਅ ਆ ਸਕਦੇ ਹਨ। ਸਕੂਲਾਂ, ਕਾਰਜ ਸਥਾਨਾਂ ਅਤੇ ਪਰਿਵਾਰਾਂ ਵਿੱਚ ਸਵੈ-ਲਿਖਣ ਨੂੰ ਉਤਸ਼ਾਹਿਤ ਕਰਨ ਨਾਲ ਲੋਕਾਂ ਨੂੰ ਆਪਣੀਆਂ ਭਾਵਨਾਵਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਪ੍ਰਗਟ ਕਰਨ ਵਿੱਚ ਮਦਦ ਮਿਲੇਗੀ। ਇਸ ਨਾਲ ਸੰਚਾਰ ਵਿੱਚ ਸੁਧਾਰ ਹੋਵੇਗਾ, ਤਣਾਅ ਘਟੇਗਾ ਅਤੇ ਸਬੰਧ ਡੂੰਘੇ ਹੋਣਗੇ। ਅੰਤ ਵਿੱਚ, ਹੱਥ ਨਾਲ ਲਿਖਣਾ ਸਾਨੂੰ ਮਨੁੱਖ ਬਣਾਉਂਦਾ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਸਿਰਫ਼ ਖਪਤਕਾਰ ਜਾਂ ਉਤਪਾਦਕ ਨਹੀਂ ਹਾਂ, ਸਗੋਂ ਮਹਿਸੂਸ ਕਰਨ ਵਾਲੇ ਜੀਵ ਹਾਂ। ਦਿਨ ਦੇ ਅੰਤ ਵਿੱਚ, ਜਦੋਂ ਅਸੀਂ ਆਪਣੀਆਂ ਪੰਜ ਲਾਈਨਾਂ ਲਿਖਦੇ ਹਾਂ, ਅਸੀਂ ਆਪਣੇ ਆਪ ਨੂੰ ਕਹਿੰਦੇ ਹਾਂ—"ਮੈਂ ਇਸ ਦਿਨ ਨੂੰ ਦੇਖਿਆ, ਜੀਇਆ, ਅਤੇ ਸਵੀਕਾਰ ਕੀਤਾ।"ਇਹ ਸਵੀਕ੍ਰਿਤੀ ਇੱਕ ਦਿਲਾਸਾ ਬਣ ਜਾਂਦੀ ਹੈ ਜੋ ਸਾਡੇ ਦਿਲਾਂ ਤੱਕ ਪਹੁੰਚਦੀ ਹੈ। ਤੇਜ਼ ਰਫ਼ਤਾਰ ਵਾਲੀ ਦੁਨੀਆਂ ਵਿੱਚ ਰੁਕਣਾ ਇੱਕ ਹਿੰਮਤ ਹੈ, ਅਤੇ ਹੱਥ ਨਾਲ ਲਿਖਣਾ ਉਸ ਹਿੰਮਤ ਦਾ ਇੱਕ ਸਧਾਰਨ ਅਭਿਆਸ ਹੈ। ਇੱਕ ਕਲਮ ਚੁੱਕੋ, ਕਾਗਜ਼ ਦਾ ਇੱਕ ਟੁਕੜਾ ਖੋਲ੍ਹੋ, ਅਤੇ ਹਰ ਰੋਜ਼ ਇਸ ਛੋਟੇ ਜਿਹੇ ਪਲ ਨੂੰ ਆਪਣੇ ਆਪ ਨਾਲ ਮਿਲਣ ਲਈ ਕੱਢੋ। ਦੁਨੀਆਂ ਸ਼ਾਇਦ ਨਾ ਬਦਲੇ, ਪਰ ਤੁਹਾਡਾ ਮਨ ਜ਼ਰੂਰ ਬਦਲੇਗਾ - ਅਤੇ ਇਹ ਸਭ ਤੋਂ ਵੱਡੀ ਤਬਦੀਲੀ ਹੈ।

## ਕੱਚੇ ਜ਼ਖ਼ਮਾਂ ਦੀ ਮਹਿਕ

ਅਸਮਾਨ ਵਿੱਚ ਗੂੜ੍ਹੇ ਸੁਰਮਈ ਬੱਦਲਾਂ ਦੀ ਆਮਦ ਨੇ ਪੰਜਾਬ ਦੀ ਤਪਦੀ ਹਿੱਕ 'ਤੇ ਠੰਢਕ ਦਾ ਸੁਨੇਹਾ ਦਿੱਤਾ ਸੀ। ਹਵਾ ਵਿੱਚ ਇੱਕ ਅਜੀਬ ਜਿਹੀ ਬੇਚੈਨੀ ਸੀ, ਬਿਲਕੁਲ ਉਸੇ ਤਰ੍ਹਾਂ ਦੀ ਜਿਵੇਂ ਕਿਸੇ ਪੁਰਾਣੇ ਸੰਦੂਕ ਨੂੰ ਖੋਲ੍ਹਣ ਵੇਲੇ ਹੁੰਦੀ ਹੈ। ਕਰਤਾਰ ਸਿੰਘ ਆਪਣੇ ਪੁਰਾਣੇ ਘਰ ਦੇ ਬਰਾਂਡੇ ਵਿੱਚ ਡਾਹੇ ਹੋਏ ਡੇਹਰੇ 'ਤੇ ਬੈਠਾ ਅੱਖਾਂ ਮੀਟ ਕੇ ਉਸ ਹਵਾ ਨੂੰ ਆਪਣੇ ਸਾਹਾਂ ਵਿੱਚ ਭਰ ਰਿਹਾ ਸੀ। ਮੀਂਹ ਦੀਆਂ ਪਹਿਲੀਆਂ ਕਣੀਆਂ ਜਦੋਂ ਤਪੀ ਹੋਈ ਮਿੱਟੀ 'ਤੇ ਡਿੱਗੀਆਂ, ਤਾਂ ਉੱਠਣ ਵਾਲੀ ਸੁੰਧਾਣ ਨੇ ਕਰਤਾਰ ਸਿੰਘ ਦੇ ਮਨ ਦੇ ਕਿਸੇ ਕੋਨੇ ਵਿੱਚ ਦੱਬੇ ਹੋਏ ਅਣਗਿਣਤ ਕੱਚੇ ਜ਼ਖ਼ਮਾਂ ਨੂੰ ਮੁੜ ਹਰਾ ਕਰ ਦਿੱਤਾ। ਇਹ ਖੁਸ਼ਬੂ ਸਿਰਫ਼ ਮਿੱਟੀ ਦੀ ਨਹੀਂ ਸੀ, ਇਹ ਉਨ੍ਹਾਂ ਯਾਦਾਂ ਦੀ ਸੀ ਜੋ ਵਕਤ ਦੀ ਧੂੜ ਹੇਠ ਦੱਬੀਆਂ ਤਾਂ ਗਈਆਂ ਸਨ, ਪਰ ਮਰੀਆਂ ਨਹੀਂ ਸਨ।

ਨਿਊਜ਼ਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਰਵਨਜੋਤ ਕੌਰ ਸਿੱਧੂ
ਪਿੰਡ ਜੱਬੋਵਾਲ 8283066125

?ਉਸ ਦਾ ਪੋਤਰਾ ਈਸ਼ਾਨ, ਜੋ ਸ਼ਹਿਰ ਦੀ ਚਕਾਚੌਂਧ ਅਤੇ ਡਿਜੀਟਲ ਦੁਨੀਆ ਦਾ ਬਾਸ਼ਿੰਦਾ ਸੀ, ਬਰਾਂਡੇ ਦੀ ਥੰਮ ?ਹ ਕੋਲ ਖੜ੍ਹਾ ਇਸ ਕੁਦਰਤੀ ਨਜ਼ਾਰੇ ਨੂੰ ਆਪਣੇ ਮਹਿੰਗੇ ਫੋਨ ਵਿੱਚ ਕੈਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਲਈ ਇਹ ਸਿਰਫ਼ ਇੱਕ 'ਸੁਹਾਵਣਾ ਮੌਸਮ' ਸੀ, ਪਰ ਜਦੋਂ ਉਸ ਨੇ ਆਪਣੇ ਦਾਦਾ ਜੀ ਦੇ ਚਿਹਰੇ ਵੱਲ ਦੇਖਿਆ, ਤਾਂ ਉੱਥੇ ਪਸਰੀ ਗੰਭੀਰਤਾ ਨੇ ਉਸ ਨੂੰ ਠਿਠਕਣ ਲਈ ਮਜਬੂਰ ਕਰ ਦਿੱਤਾ। ਕਰਤਾਰ ਸਿੰਘ ਦੀਆਂ ਝੁਰੜੀਆਂ ਵਾਲੀਆਂ ਅੱਖਾਂ ਵਿੱਚੋਂ ਇੱਕ ਹੰਝੂ ਚੋ ਕੇ ਉਸ ਦੀ ਸਫ਼ੈਦ ਦਾੜ੍ਹੀ ਵਿੱਚ ਜਜ਼ਬ ਹੋ ਗਿਆ। ਈਸ਼ਾਨ ਨੇ ਹੌਲੀ ਜਿਹੀ ਕੋਲ ਬੈਠਦਿਆਂ ਪੁੱਛਿਆ, ÷ਦਾਦਾ ਜੀ, ਇਸ ਮਿੱਟੀ ਦੀ ਮਹਿਕ ਤਾਂ ਸਭ ਨੂੰ ਸਕੂਨ ਦਿੰਦੀ ਹੈ, ਪਰ ਤੁਹਾਡੀ ਖ਼ਾਮੋਸ਼ੀ ਕੁਝ ਹੋਰ ਹੀ ਬਿਆਨ ਕਰ ਰਹੀ ਹੈ ?÷

?ਕਰਤਾਰ ਸਿੰਘ ਨੇ ਇੱਕ ਲੰਮਾ ਹੌਕਾ ਭਰਿਆ, ਜਿਸ ਵਿੱਚ ਸੱਤ ਦਹਾਕਿਆਂ ਦਾ ਸੰਤਾਪ ਸਮੋਇਆ ਹੋਇਆ ਸੀ। ਉਹ ਬੋਲਿਆ, ÷ਪੁੱਤ, ਇਹ ਮਹਿਕ ਮੇਰੇ ਲਈ ਸਿਰਫ਼ ਮੌਸਮ ਦਾ ਬਦਲਾਅ ਨਹੀਂ, ਇਹ ਇੱਕ ਪਛਾਣ ਹੈ। ਇਹ ਉਸ ਵੇਲੇ ਦੀ ਯਾਦ ਦਿਵਾਉਂਦੀ ਹੈ ਜਦੋਂ ਅਸੀਂ ਆਪਣੀ ਜੜ੍ਹਾਂ ਨਾਲੋਂ ਉਖਾੜੇ ਗਏ ਸੀ। ਜ਼ਖ਼ਮ ਜਦੋਂ ਭਰ ਜਾਂਦੇ ਨੇ ਤਾਂ ਸਿਰਫ਼ ਨਿਸ਼ਾਨ ਛੱਡ ਜਾਂਦੇ ਨੇ, ਪਰ ਜਦੋਂ ਉਹ ਅੰਦਰੋਂ ਕੱਚੇ ਰਹਿ ਜਾਣ, ਤਾਂ ਉਹ ਮਹਿਕਦੇ ਨੇ—ਬਿਲਕੁਲ ਇਸ ਮਿੱਟੀ ਵਾਂਗ।÷

?ਉਸ ਨੇ ਈਸ਼ਾਨ ਨੂੰ ਦੱਸਿਆ ਕਿ ਕਿਵੇਂ ਉਸ ਦਾ ਸਭ ਤੋਂ ਪਿਆਰਾ ਦੋਸਤ ਅਬਦੁਲ, ਜਿਸ ਨਾਲ ਉਸ ਨੇ ਬਚਪਨ ਦੀਆਂ ਅਣਗਿਣਤ ਗਰਮੀਆਂ ਅਤੇ ਸਿਆਲ ਹੱਸਦਿਆਂ-ਖੇਡਦਿਆਂ ਬਿਤਾਏ ਸਨ, 1947 ਦੀ ਇੱਕ ਕਾਲੀ ਰਾਤ ਨੂੰ ਅਚਾਨਕ 'ਪਰਾਇਆ' ਹੋ ਗਿਆ। ਉਹ ਦੋਵੇਂ ਇਸੇ ਤਰ੍ਹਾਂ ਮੀਂਹ ਵਿੱਚ ਖੇਤਾਂ ਦੀਆਂ ਪਗਡੰਡੀਆਂ 'ਤੇ ਭੱਜਿਆ ਕਰਦੇ ਸਨ। ਅਬਦੁਲ ਅਕਸਰ ਕਹਿੰਦਾ ਸੀ ਕਿ ਇਨਸਾਨ ਚਾਹੇ ਕਿਤੇ ਵੀ ਚਲਾ ਜਾਵੇ, ਉਸ ਦੀ ਮਿੱਟੀ ਦੀ ਖੁਸ਼ਬੂ ਉਸ ਨੂੰ ਹਮੇਸ਼ਾ ਆਪਣੇ ਪਿੰਡ ਦੀ ਯਾਦ ਦਿਵਾਉਂਦੀ ਰਹੇਗੀ। ਪਰ ਵਕਤ ਦੇ ਬੇਰਹਿਮ ਕੁਹਾੜੇ ਨੇ ਅਜਿਹਾ ਜ਼ਖ਼ਮ ਦਿੱਤਾ ਕਿ ਉਹ ਮਿੱਟੀ ਤਾਂ ਉੱਥੇ ਹੀ ਰਹਿ ਗਈ, ਪਰ ਉਸ ਮਿੱਟੀ ਦੇ ਜਾਏ ਸਰਹੱਦਾਂ ਦੇ ਆਰ-ਪਾਰ ਖਿੰਡ ਗਏ।

?ਈਸ਼ਾਨ ਸੁਣਦਾ ਰਿਹਾ, ਉਸ ਨੂੰ ਮਹਿਸੂਸ ਹੋਇਆ ਕਿ ਮੀਂਹ ਦਾ ਸੰਗੀਤ ਹੁਣ ਇੱਕ ਮਰਸੀਏ ਵਰਗਾ ਲੱਗ ਰਿਹਾ ਸੀ। ਕਰਤਾਰ ਸਿੰਘ ਨੇ ਦੱਸਿਆ ਕਿ ਕਈ ਸਾਲਾਂ ਬਾਅਦ ਜਦੋਂ ਉਹ ਸਰਹੱਦ ਪਾਰ ਆਪਣੇ ਪੁਰਾਣੇ ਪਿੰਡ ਗਿਆ, ਤਾਂ ਉੱਥੇ ਅਬਦੁਲ ਤਾਂ ਨਹੀਂ ਸੀ, ਪਰ ਉਸ ਦੀਆਂ ਯਾਦਾਂ ਉਸੇ ਪੁਰਾਣੇ ਬੋਹੜ ਹੇਠ ਬੈਠੀਆਂ ਉਸ ਦਾ ਇੰਤਜ਼ਾਰ ਕਰ ਰਹੀਆਂ ਸਨ। ਅਬਦੁਲ ਦੇ ਪੋਤਰੇ ਨੇ ਜਦੋਂ ਕਰਤਾਰ ਨੂੰ ਗਲੇ ਲਗਾਇਆ, ਤਾਂ ਉਸ ਨੂੰ ਉਹੀ ਅਬਦੁਲ ਵਾਲੀ ਮੁਹੱਬਤ ਦੀ ਮਹਿਕ ਆਈ। ਕਰਤਾਰ ਸਿੰਘ ਨੇ ਮਹਿਸੂਸ ਕੀਤਾ ਕਿ ਰਾਜਨੀਤੀ ਨੇ ਜ਼ਮੀਨਾਂ ਤਾਂ ਵੰਡ ਦਿੱਤੀਆਂ, ਪਰ ਉਹ ਰੂਹਾਨੀ ਖੁਸ਼ਬੂ ਨਹੀਂ ਵੰਡ ਸਕੇ ਜੋ ਅੱਜ ਵੀ ਦੋਵਾਂ ਪਾਸਿਆਂ ਦੀ ਮਿੱਟੀ ਵਿੱਚ ਇੱਕਸਾਰ ਰਚੀ ਹੋਈ ਹੈ।

?ਈਸ਼ਾਨ ਨੂੰ ਅਹਿਸਾਸ ਹੋਇਆ ਕਿ ਅਤੀਤ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਦੇ ਬੇਜਾਨ ਪੰਨੇ ਨਹੀਂ ਹੁੰਦੇ, ਸਗੋਂ ਇਹ ਜਿਉਂਦੇ-ਜਾਗਦੇ ਜਜ਼ਬਾਤ ਹੁੰਦੇ ਹਨ। ਕਰਤਾਰ ਸਿੰਘ ਨੇ ਗੱਲ ਜਾਰੀ ਰੱਖਦਿਆਂ ਕਿਹਾ, ÷ਈਸ਼ਾਨ, ਨਵੀਂ ਪੀੜ੍ਹੀ ਨੂੰ ਲੱਗਦਾ ਹੈ ਕਿ ਅਸੀਂ ਪੁਰਾਣੀਆਂ ਗੱਲਾਂ ਫੜ ਕੇ ਬੈਠੇ ਹਾਂ, ਪਰ ਸੱਚ ਤਾਂ ਇਹ ਹੈ ਕਿ ਇਹ ਕੱਚੇ ਜ਼ਖ਼ਮ ਹੀ ਸਾਨੂੰ ਇਨਸਾਨ ਬਣਾਈ ਰੱਖਦੇ ਨੇ। ਇਹ ਸਾਨੂੰ ਯਾਦ ਦਿਵਾਉਂਦੇ ਨੇ ਕਿ ਨਫ਼ਰਤ ਦਾ ਅੰਤ ਸਿਰਫ਼ ਬਰਬਾਦੀ ਹੈ, ਜਦਕਿ ਮੁਹੱਬਤ ਦੀ ਮਹਿਕ ਸਰਹੱਦਾਂ ਦੇ ਪਾਰ ਵੀ ਉਨੀਂ ਹੀ ਤਾਜ਼ੀ ਰਹਿੰਦੀ ਹੈ।÷

?ਮੀਂਹ ਹੁਣ ਹੌਲੀ ਹੋ ਕੇ ਰਿਮਝਿਮ ਵਿੱਚ ਬਦਲ ਚੁੱਕਾ ਸੀ। ਈਸ਼ਾਨ ਨੇ ਆਪਣੇ ਦਾਦਾ ਜੀ ਦਾ ਕੰਬਦਾ ਹੱਥ ਫੜਿਆ। ਉਸ ਸ਼ਾਮ ਈਸ਼ਾਨ ਨੇ ਕੁਝ ਨਵਾਂ ਸਿੱਖਿਆ ਸੀ—ਕਿ ਹਰ ਖੁਸ਼ਬੂ ਸਿਰਫ਼ ਨੱਕ ਰਾਹੀਂ ਮਹਿਸੂਸ ਨਹੀਂ ਕੀਤੀ ਜਾਂਦੀ, ਕੁਝ ਖੁਸ਼ਬੂਆਂ ਸਿੱਧੀਆਂ ਰੂਹ ਵਿੱਚ ਉਤਰ ਜਾਂਦੀਆਂ ਹਨ। ਕਰਤਾਰ ਸਿੰਘ ਦਾ ਉਹ 'ਕੱਚਾ ਜ਼ਖ਼ਮ' ਅੱਜ ਮਹਿਕ ਕੇ ਇੱਕ ਸੁਨੇਹਾ ਦੇ ਰਿਹਾ ਸੀ ਕਿ ਇਨਸਾਨੀਅਤ ਦੀ ਜੜ੍ਹ ਮਿੱਟੀ ਵਿੱਚ ਹੁੰਦੀ ਹੈ, ਤੇ ਮਿੱਟੀ ਕਦੇ ਵੰਡੀ ਨਹੀਂ ਜਾ ਸਕਦੀ। ਸੂਰਜ ਦੀਆਂ ਆਖਰੀ ਕਿਰਨਾਂ ਜਦੋਂ ਗਿੱਲੀ ਧਰਤੀ 'ਤੇ ਪਈਆਂ, ਤਾਂ ਪੂਰਾ ਵਿਹੜਾ ਸੋਨੇ ਵਾਂਗ ਚਮਕ ਉੱਠਿਆ। ਕਰਤਾਰ ਸਿੰਘ ਦੇ ਚਿਹਰੇ 'ਤੇ ਹੁਣ ਇੱਕ ਅਜੀਬ ਜਿਹਾ ਸਕੂਨ ਸੀ, ਜਿਵੇਂ ਉਸ ਨੇ ਆਪਣੀਆਂ ਯਾਦਾਂ ਦਾ ਸਭ ਤੋਂ ਕੀਮਤੀ ਸਰਮਾਇਆ ਆਪਣੇ ਵਾਰਿਸ ਨੂੰ ਸੌਂਪ ਦਿੱਤਾ ਹੋਵੇ। ਅਤੀਤ ਦੀਆਂ ਉਹ ਯਾਦਾਂ, ਜੋ ਅੱਜ ਵੀ ਤਾਜ਼ਾ ਸਨ, ਹਵਾ ਵਿੱਚ ਘੁਲ ਕੇ ਆਉਣ ਵਾਲੀਆਂ ਨਸਲਾਂ ਲਈ ਮੁਹੱਬਤ ਦਾ ਇੱਕ ਨਵਾਂ ਅਧਿਆਇ ਲਿਖ ਰਹੀਆਂ ਸਨ।

## ਨੈਤਿਕ ਸਿੱਖਿਆ ਦੀ ਲੋੜ

ਸਾਡੇ ਵਿਦਿਅਕ ਪ੍ਰਬੰਧਾ ਵਿੱਚ ਇੱਕ ਘਾਟ ਹੈ, ਜੋ ਹਰੇਕ ਸੁਹਿਰਦ ਅਤੇ ਮਾਨਵਤਾ ਪ੍ਰੇਮੀ ਨੂੰ ਵੀ ਰੜਕਦੀ ਹੋਵੇਗੀ, ਉਹ ਹੈ ਵਿਦਿਅਕ ਸਿਲੇਬਸ ਵਿੱਚ " ਨੈਤਿਕ ਸਿੱਖਿਆ " ਦੀ ਘਾਟ। ਪੁਰਾਣੇ ਸਮੇਂ ਵਿੱਚ ਸਿੱਖਿਆ ਕੇਵਲ ਮੰਦਿਰਾਂ, ਮਸਜਿਦਾਂ ਜਾਂ ਗੁਰੂਦੁਆਰਿਆਂ ਵਿੱਚ ਹੀ ਦਿੱਤੀ ਜਾਂਦੀ ਸੀ। ਜਿੱਥੇ ਆਮ ਸਿੱਖਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਦਾ ਵੀ ਪਾਠ ਪੜਾਇਆ ਜਾਂਦਾ ਸੀ। ਅੱਜ ਕੱਲ ਦੇ ਵਿਦਿਆਰਥੀ ਪੜ ਲਿਖ ਕੇ ਵੱਡੀਆਂ ਵੱਡੀਆਂ ਡਿਗਰੀਆਂ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਉਹਨਾਂ ਵਿੱਚ ਨੈਤਿਕਤਾ ਦੀ ਘਾਟ ਰਹਿ ਜਾਂਦੀ ਹੈ। ਜਿਸ ਦੀ ਪ੍ਰਤੱਖ ਉਦਹਾਰਣ ਉਸ ਸਮੇਂ ਮਿਲ ਜਾਂਦੀ ਹੈ, ਜਦ ਪੜ ਲਿਖ ਕੇ ਡਾਕਟਰ ਬਣਿਆ ਵਿਅਕਤੀ ਕਿਸੇ ਗਰੀਬ ਮਰੀਜ ਦਾ ਇਲਾਜ ਕਰਨ ਤੋਂ ਇਸ ਲਈ ਮਨਾ ਕਰ ਦਿੰਦੇ ਹਨ, ਕਿਉਂਕਿ ਮਰੀਜ ਕੋਲ ਇਲਾਜ ਦੇ ਪੈਸੇ ਨਹੀਂ ਹੁੰਦੇ। ਜੇਕਰ ਸਾਡੇ ਵਿਦਿਅਕ ਢਾਂਚੇ ਵਿੱਚ ਨੈਤਿਕ ਸਿੱਖਿਆ ਇੱਕ ਅਹਿਮ ਹਿੱਸੇ ਵੱਜੋਂ ਪ੍ਰਮਾਣਿਤ ਕੀਤੀ ਜਾਵੇ ਤਾਂ ਇੱਕ ਚੰਗੇ ਡਾਕਟਰ, ਅਧਿਆਪਕ, ਇਮਾਨਦਾਰ ਵਕੀਲ ਅਤੇ ਦੇਸ਼ ਦੀ ਹਾਲਾਤ ਨੂੰ ਸੁਧਾਰਨ ਵਾਲੇ ਰਾਜਨੇਤਾ ਪੈਦਾ ਹੋਣਗੇ । ਇਸ ਤੋਂ ਇਲਾਵਾ ਅੱਜਕੱਲ ਸਮਾਜ ਵਿੱਚ ਕਮਜੋਰ ਹੋ ਰਹੇ ਰਿਸ਼ਤੇ ਅਤੇ ਸਬਰ ਸੰਤੋਖ ਦੀ ਘਾਟ ਦੇਖੀ ਜਾ ਸਕਦੀ ਹੈ। ਇਸ ਲਈ ਅੱਜ ਸਮਾਜ ਵਿੱਚ ਨੈਤਿਕਤਾ ਦਾ ਪਤਨ ਹੋ ਰਿਹਾ ਹੈ ਤਾਂ ਲੋੜ ਹੈ ਕਿ ਆਪਣੇ ਸਮਾਜ ਨੂੰ ਆਦਰਸ ਬਣਾਉਣ ਲਈ ਅਜਿਹੀ ਵਿੱਦਿਆ ਵੀ ਆਪਣੇ ਵਿਦਿਆਰਥੀਆਂ ਨੂੰ ਦੇਈਏ, ਜਿਸ ਨਾਲ ਉਹਨਾਂ ਦੇ ਦਿਲਾਂ ਵਿੱਚ ਮਾਨਵਤਾ ਪ੍ਰਤੀ ਪ੍ਰੇਮ ਪਿਆਰ, ਰਹਿਮ ਅਤੇ ਹਮਦਰਦੀ ਵਰਗੇ ਗੁਣ ਵੀ ਪੈਦਾ ਹੋਣ ਤਾਂ ਹੀ ਸਾਡੀ ਸਿੱਖਿਆ ਦਾ ਉਦੇਸ਼ ਸਾਰਥਕ ਹੋ ਸਕਦਾ ਹੈ ਅਤੇ ਇਸੇ ਵਿੱਚ ਹੀ ਮਾਨਵਤਾ ਦੀ ਭਲਾਈ ਹੈ।



ਹਰਕੀਰਤ ਕੌਰ 9779118066

# ਪੇਪਰਾ ਵਿੱਚ ਸਫਲਤਾ ਲਈ ਜਰੂਰੀ ਮਿਹਨਤ ਅਤੇ ਸਮਾਂ ਪ੍ਰਬੰਧਨ

ਵਿਦਿਆਰਥੀ ਜੀਵਨ ਵਿੱਚ ਇਮਤਿਹਾਨਾ ਦਾ ਅਹਿਮ ਸਥਾਨ ਹੈ। ਇਹਨਾ ਨਾਲ ਸਿਰਫ਼ ਯੋਗਤਾ ਦੀ ਪਰਖ ਨਹੀ ਹੁੰਦੀ, ਸਗੋਂ ਮਿਹਨਤ, ਅਨੁਸ਼ਾਸਨ ਅਤੇ ਸਬਰ ਦਾ ਵੀ ਪਤਾ ਲੱਗਦਾ ਹੈ। ਅੱਜ ਦੇ ਮੁਕਾਬਲੇ ਵਾਲੇ ਯੁੱਗ ਵਿੱਚ ਸਫਲਤਾ ਹਾਸਲ ਕਰਨਾ ਸੋਖਾ ਨਹੀ, ਨਾ ਹੀਂ ਕਿਸਮਤ ਨਿਰਭਰ ਹੈ । ਪਰੰਤੂ ਸਮਾਂ ਪ੍ਰਬੰਧਨ ਅਤੇ ਸਖਤ ਮਿਹਨਤ ਨਾਲ ਪ੍ਰਾਪਤ ਕਰ ਸਕਦੇ ਹਾ ।

ਸਮਾਂ ਮਨੁੱਖ ਦੀ ਜ਼ਿੰਦਗੀ ਦੀ ਅੁਮੱਲ ਦੌਲਤ ਹੈ। ਸਮਾਂ ਪ੍ਰਬੰਧਨ ਅਤੇ ਕਠਿਨ ਮਿਹਨਤ ਦੇ ਨਾਲ ਸ਼ਵੈ- ਭਰੋਸਾ ਵੀ ਬਹੁਤ ਜਰੂਰੀ ਹੈ। ਕਈ ਵਾਰ ਹੁਸਿਆਰ ਵਿਦਿਆਰਥੀ ਵੀ ਇਮਤਿਹਾਨ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਪਾਉਦੇ। ਸਫਲਤਾ ਦੇ ਰਾਹ ਵਿਸ਼ਵਾਸ, ਸਬਰ ਅਤੇ ਸੰਜਮ ਦੇ ਗੁਣ ਪਾਰ ਕਰਵਾਉਦੇ ਹਨ। ਨਿਯਮਤ ਅਭਿਆਸ ਅਤੇ ਲਗਨ ਨਾਲ ਮਿਹਨਤ ਕਰਕੇ ਆਤਮ- ਵਿਸ਼ਵਾਸ ਵਧਦਾ ਹੈ। ਜਿਹੜਾ ਬੱਚਾ ਸਮੇਂ ਦੀ ਕਦਰ ਕਰਦਾ ਉਹ ਸਮਾ ਆਉਣ ਤੇ ਤਰੱਕੀ ਵੀ ਕਰ ਲੈਦਾ ਹੈ। ਅਕਸਰ ਵਿਦਿਆਰਥੀ ਸੋਚਦੇ ਹਨ ਕਿ ਪੇਪਰਾ ਦੇ ਨੇੜੇ ਪੜ੍ਹ ਲੈਣਗੇ, ਪਰ ਧਾਰਨਾ ਉਚਿਤ ਨਹੀ। ਸਹੀ ਯੋਜਨਾ ਉਲੀਕ ਪੜ੍ਹਾਈ ਕਰਨੀ ਅਤਿ ਜ਼ਰੂਰੀ ਹੈ। ਹਰ ਵਿਸ਼ੇ ਲਈ ਨਿਰਧਾਰਤ ਸਮਾਂ ਰੱਖਣਾ, ਤਿਆਰ ਕੀਤੀ ਸਮਾਂ-ਸਾਰਣੀ ਦੀ ਪਾਲਣ ਕਰਨਾ ਸਫਲਤਾ ਵੱਲ ਪੁਟਿਆ ਪਹਿਲਾ ਕਦਮ ਹੈ। ਸਮਾਂ ਪ੍ਰਬੰਧਨ ਸਿਰਫ਼ ਪੜ੍ਹਾਈ ਲਈ ਨਹੀਂ, ਸਗੋਂ ਆਰਾਮ, ਖੇਡ ਅਤੇ ਮਨੋਰੰਜਨ ਲਈ ਵੀ ਜਰੂਰੀ ਹੈ। ਕਿਉ ਕਿ ਬਿਨਾ ਆਰਾਮ ਕਰੇ ਲਗਾਤਾਰ ਪੜ੍ਹਦਾ ਰਿਹਣਾ ਨਾਲ ਮਨ ਅੱਕ ਤੇ ਥੱਕ ਜਾਂਦਾ ਹੈ । ਕਈ ਵਾਰ ਪੜਿਆ ਯਾਦ ਵੀ ਨਹੀਂ ਰਹਿੰਦਾ। ਇਸ ਲਈ ਦਿਮਾਗ ਨੂੰ ਸਾਂਤ ਕਰਨਾ ਲਾਭਦਾਇਕ ਹੁੰਦਾ ਹੈ। ਖੇਡਣ ਨਾਲ ਹੀ ਮਨ ਅਤੇ ਸਰੀਰ ਤੰਦਰੁਸਤ ਰਹਿੰਦੇ ਹਨ।

ਸਖਤ ਮਿਹਨਤ ਹੀ ਸਫਲਤਾ ਦੀ ਕੁੰਜੀ ਹੈ। ਕੋਈ ਵੀ ਬਿਨਾਂ ਮਿਹਨਤ ਕੀਤੇ ਚੰਗੇ ਅੰਕ ਪ੍ਰਾਪਤ ਨਹੀਂ ਕਰ ਸਕਦਾ। ਮਿਹਨਤ ਤੋ ਭਾਵ ਨਿਰੰਤਰ ਅਭਿਆਸ ਅਤੇ ਨਿੱਠ ਕੇ ਪੜ੍ਹਾਈ ਕਰਨਾ ਹੈ । ਜਿਹੜੇ ਔਖੇ ਵਿਸ਼ਿਆਂ ਨੂੰ ਡਰ ਕੇ ਛੱਡ ਦਿੰਦੇ ਹਨ, ਉਹ ਅਕਸਰ ਅੰਕਾ ਵਿੱਚ ਪਿੱਛੇ ਰਹਿ ਜਾਂਦੇ ਹਨ। ਔਖੇ ਵਿਸ਼ੇ ਨੂੰ ਸਮਝ ਕੇ ਪੜ੍ਹਨਾ ਅਤੇ ਦੁਹਰਾਉਣ ਨਾਲ ਪ੍ਰਸਨ ਹੱਲ ਹੋ ਜਾਦੇ ਹਨ। ਉਹ ਵਿਦਿਆਰਥੀ ਬੁਲੰਦੀਆ ਛੂਹਦੇ ਹਨ, ਜਿਹਨਾ ਦਾ ਟੀਚਾ ਸਪਸ਼ਟ ਹੋਵੇ । ਫਿਰ ਮਿਹਨਤ ਖੁਦ ਹੀ ਸਹੀ ਦਿਸ਼ਾ ਵਿੱਚ ਹੋਣ ਲੱਗਦੀ ਹੈ। ਤਿਆਰੀ ਕਰਦਿਆਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਾਸਲ ਕੀ ਕਰਨਾ ਹੈ। ਅਕਸਰ ਛੋਟੇ ਟੀਚੇ ਵੱਡੀ ਸਫਲਤਾ ਲਈ ਸਹਾਈ ਹੁੰਦੇ ਹਨ। ਇਕ ਵਿਦਿਆਰਥੀ ਦੀ ਸਫਲਤਾ ਵਿੱਚ ਅਧਿਆਪਕਾਂ ਅਤੇ ਮਾਪਿਆਂ ਬਰਾਬਰ ਦੇ ਹੱਕਦਾਰ ਹਨ । ਅਧਿਆਪਕ ਸਹੀ ਰਾਹ ਦੱਸ ਦੇ ਹਨ ਅਤੇ ਮਾਪੇ ਹੌਸਲਾ ਵਧਾਉਂਦੇ ਹਨ। ਪਰ ਅਸਲ ਮਿਹਨਤ ਵਿਦਿਆਰਥੀ ਨੂੰ ਹੀ ਕਰਨੀ ਪੈਂਦੀ ਹੈ। ਜਦੋਂ ਬੱਚਾ ਆਪਣੇ ਫਰਜ਼ ਨੂੰ ਸਮਝਦਾ ਹੋਇਆ ਇਮਾਨਦਾਰੀ ਅਤੇ ਦ੍ਰਿੜ ਇਰਾਦੇ ਨਾਲ ਪੜ੍ਹਾਈ ਕਰਦਾ ਹੈ। ਆਉਣ ਵਾਲੇ ਸਮੇ ਵਿੱਚ ਆਪਣਾ ਨਾਮ ਕਮਾ ਸਕੂਲ ,ਮਾਪਿਆ ਅਤੇ ਪਿੰਡ\ਸਹਿਰ ਦਾ ਨਾਮ ਰੌਸਨ ਕਰਦਾ ਹੈ ।

ਪੇਪਰ ਤੋ ਇਕ ਘੰਟਾ ਪਹਿਲਾ ਕਿਤਾਬੀ ਦੁਨੀਆ ਤੋ ਹਟ ਕੇ ਆਪਣਾ ਸਰੀਰ ਤੇ ਦਿਮਾਗ ਸਾਂਤ ਕਰਨੇ ਜਰੂਰੀ ਹਨ। ਕਈ ਵਾਰ ਕਾਹਲ ਤੇ ਘਬਰਾਹਟ ਵਿੱਚ ਸਹੀ ਉੱਤਰ ਵੀ ਗਲਤ ਕਰ ਜਾ ਭੁੱਲ ਜਾਦੇ ਹਾ । ਪੇਪਰ ਸੁਰੂ ਕਰਨ ਸਮੇ ਪ੍ਰਸਨ ਪੱਤਰ ਨੂੰ ਚੰਗੀ ਤਰਾ ਪੜ ਕੇ ਛੋਟੇ ਵੱਡੇ ਪ੍ਰਸਨਾ ਲਈ ਸਮੇ ਦੀ ਸਹੀ ਵੰਡ ਕਰੋ ਤਾ ਜੋ ਪੂਰਾ ਪੇਪਰ ਨਿਰਧਾਤ ਤਿੰਨ ਘੰਟਿਆ ਵਿੱਚ ਹੱਲ ਹੋ ਜਾਵੇ । ਪੇਪਰ ਨੂੰ ਸਮਝਣਾ ਅਤੇ ਸਮੇ ਦੀ ਵੰਡ ਦੀ ਕਰਨਾ ਨਾਲ ਵਧੀਆ ਅੰਕ ਪ੍ਰਪਤ ਕਰ ਸਕਦੇ ਹਾ। ਇਸ ਗਲਤੀ ਕਾਰਨ ਹੀ ਕਈ ਵਾਰ ਪ੍ਰਸਨ ਰਿਹ ਜਾਦੇ ਹਨ ਪਰ ਫਿਰ ਪਛਤਾਵੇ ਤੋ ਬਿਨਾ ਕੁਝ ਪੱਲੇ ਨਹੀ ਪੈਦਾ । ਸਮੇਂ ਦੀ ਕੀਮਤ ਬਾਰੇ ਸਿੱਖਣਾ ਇੱਕ ਬਹੁ ਉਪਯੋਗੀ ਹੁਨਰ ਹੈ। ਹੋਂਗ ਕੋਂਗ ਦੇ ਮਸਹੂਰ ਮਾਰਸਲ ਆਰਟ ਚੈਪੀਅਨ ਬਰੂਸ ਲੀ ਦੇ ਅਨੁਸਾਰ ਜੇ ਕਰ ਤੁਸੀ ਆਪਣੀ ਜਿੰਦਗੀ ਨੂੰ ਪਿਆਰ ਕਰਦੇ ਹੋ ਤਾ ਸਮੇ ਨੂੰ ਜਾਇਆ ਨਾ ਜਾਣ ਦਿਉ , ਇਹ ਸਮਾ ਹੀ ਹੈ ਜੋ ਤੁਹਾਡੀ ਜਿੰਦਗੀ ਬਣਾਉਦਾ ਹੈ ; ਜਿੰਦਗੀ ਦੀ ਹਰ ਪ੍ਰਖਿਆ ਸਮੇ ਦੀ ਸੁਚੱਜੀ ਵਰਤੋ ਨਾਲ ਪਾਸ ਕਰ ਸਕਦੇ ਹੋ ਅਤੇ ਤੁਹਾਡਾ ਰੌਸਨ ਦਿਮਾਗ ਸੁਨਹਿਰੀ ਭਵਿੱਖ ਦੀ ਮੰਜਿਲ ਨੂੰ ਹੋਰ ਨਜਦੀਕ ਲੈ ਆਵੇਗਾ । ਸਫਲਤਾ ਅਚਾਨਕ ਮਿਲਣ ਵਾਲੀ ਵਸਤੂ ਨਹੀਂ,ਇਹ ਅਨੁਸ਼ਾਸਨ,ਸਮਾਂ ਪ੍ਰਬੰਧਨ ,ਕਠਿਨ ਮਿਹਨਤ ਅਤੇ ਆਤਮ-ਵਿਸ਼ਵਾਸ ਦਾ ਨਤੀਜਾ ਹੈ। ਜੋ ਸਮੇਂ ਦੀ ਕਦਰ ਕਰਕੇ ਲਗਨ ਨਾਲ ਮਿਹਨਤ ਕਰਦਾ ਹੈ, ਉਹ ਨਾ ਸਿਰਫ਼ ਇਮਤਿਹਾਨ ਵਿੱਚ ਸਫਲ ਹੁੰਦਾ ਹੈ । ਸਗੋਂ ਮਨ ਚਾਹੀ ਮੰਜਿਲ ਹਾਸਿਲ ਕਰਦਾ ਹੈ। ਇਸ ਲਈ ਹਰ ਵਿਦਿਆਰਥੀ ਸਮੇਂ ਦੀ ਸਹੀ ਤਰੀਕੇ ਨਾਲ ਵਰਤੇ ਅਤੇ ਪੂਰੀ ਲਗਨ ਨਾਲ ਮਿਹਨਤ ਕਰੇ । ਕਿਉਂ ਕਿ ਸਫਲਤਾ ਮਿਹਨਤੀ ਵਿਅਕਤੀ ਦੇ ਕਦਮ ਚੁੰਮਦੀ ਹੈ। ਅਜੋਕੇ ਯੁੱਗ ਵਿੱਚ ਮੇਹਨਤ ਦੀ ਹੀ ਕਦਰ ਹੈ। ਜਿਦਗੀ ਦੇ ਪੜਨ ਲ਼ਈ ਦਿੱਤੇ ਮੁਢਲੇ ਸਾਲ ਤੁਹਾਡੇ ਬੁਢਾਪੇ ਤੱਕ ਦੀਆ ਖੁਸੀਆ ਦੇ ਖਜਾਨੇ ਹੁੰਦੇ ਹਨ ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਅੰਜੂ ਧਾਲੀਵਾਲ .
99880 03419

# ਰੀਲ ਲਾਈਫ ਬਨਾਮ ਰੀਅਲ ਲਾਈਫ : ਅਸਲ ਰਿਸ਼ਤਿਆਂ ਨੂੰ ਖਾ ਰਹੀ ਹੈ 'ਬਣਾਵਟੀ ਦੁਨੀਆ' ਦੀ ਹੋੜ




ਅੱਜ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਸੋਸ਼ਲ ਮੀਡੀਆ ਨੇ ਦੁਨੀਆ ਨੂੰ ਨੇੜੇ ਲਿਆਂਦਾ ਹੈ, ਉੱਥੇ ਹੀ ਇਸ ਨੇ ਸਾਡੇ ਨਿੱਜੀ ਰਿਸ਼ਤਿਆਂ, ਖਾਸ ਕਰਕੇ ਪਤੀ-ਪਤਨੀ ਦੇ ਸਬੰਧਾਂ ਵਿੱਚ ਦੂਰੀਆਂ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਅੱਜ-ਕੱਲ੍ਹ ਲੋਕ ਆਪਣੀ 'ਰੀਅਲ ਲਾਈਫ' (ਅਸਲ ਜ਼ਿੰਦਗੀ) ਨੂੰ ਦੂਜਿਆਂ ਦੀ 'ਰੀਲ ਲਾਈਫ' (ਬਣਾਵਟੀ ਜ਼ਿੰਦਗੀ) ਨਾਲ ਤੋਲਣ ਲੱਗ ਪਏ ਹਨ, ਜਿਸਦਾ ਨਤੀਜਾ ਘਰੇਲੂ ਕਲੇਸ਼ ਅਤੇ ਮਾਨਸਿਕ ਤਣਾਅ ਵਜੋਂ ਨਿਕਲ ਰਿਹਾ ਹੈ। ਸੋਸ਼ਲ ਮੀਡੀਆ 'ਤੇ ਅਸੀਂ ਜੋ ਰੀਲਾਂ ਦੇਖਦੇ ਹਾਂ, ਉਹ ਅਕਸਰ ਅਸਲੀਅਤ ਤੋਂ ਕੋਹਾਂ ਦੂਰ ਹੁੰਦੀਆਂ ਹਨ। ਇੰਸਟਾਗ੍ਰਾਮ ਜਾਂ ਫੇਸਬੁੱਕ 'ਤੇ ਦਿਖਾਈ ਦੇਣ ਵਾਲੇ ਜੋੜੇ ਸਿਰਫ ਖੁਸ਼ੀ ਦੇ ਪਲ, ਮਹਿੰਗੇ ਹੋਟਲਾਂ ਦੇ ਡਿਨਰ, ਵਿਦੇਸ਼ੀ ਯਾਤਰਾਵਾਂ ਅਤੇ ਕੀਮਤੀ ਤੋਹਫ਼ੇ ਹੀ ਸਾਂਝੇ ਕਰਦੇ ਹਨ। ਇਹ ਸਭ ਕੁਝ 30 ਸੈਕਿੰਡ ਦੀ ਵੀਡੀਓ ਲਈ ÷ਸੈੱਟ÷ ਕੀਤਾ ਗਿਆ ਹੁੰਦਾ ਹੈ। ਕੋਈ ਵੀ ਆਪਣੇ ਲੜਾਈ-ਝਗੜੇ, ਆਰਥਿਕ ਤੰਗੀ ਜਾਂ ਬੁਰੇ ਹਾਲਾਤ ਕੈਮਰੇ ਅੱਗੇ ਨਹੀਂ ਦਿਖਾਉਂਦਾ। ਪਰ ਆਮ ਇਨਸਾਨ ਇਸ ਅਧੂਰੇ ਸੱਚ ਨੂੰ ਹੀ ਪੂਰੀ ਜ਼ਿੰਦਗੀ ਮੰਨ ਲੈਂਦਾ ਹੈ। ਸਮੱਸਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਪਤੀ ਜਾਂ ਪਤਨੀ ਆਪਣੇ ਸਾਥੀ ਦੀ ਤੁਲਨਾ ਸਕਰੀਨ 'ਤੇ ਦਿਖਣ ਵਾਲੇ ਜੋੜਿਆਂ ਨਾਲ ਕਰਨ ਲੱਗਦੇ ਹਨ। ਫਲਾਣੇ ਨੇ ਆਪਣੀ ਪਤਨੀ ਨੂੰ ਇੰਨੀ ਮਹਿੰਗੀ ਗੱਡੀ ਲੈ ਕੇ ਦਿੱਤੀ, ਤੁਸੀਂ ਕੀ ਕੀਤਾ ? ਉਹ ਹਰ ਵੀਕੈਂਡ 'ਤੇ ਘੁੰਮਣ ਜਾਂਦੇ ਹਨ, ਸਾਡੀ ਜ਼ਿੰਦਗੀ ਤਾਂ ਬੋਰਿੰਗ ਹੈ। ਅਜਿਹੇ ਤਾਨੇ-ਮਿਹਣੇ ਰਿਸ਼ਤੇ ਵਿੱਚ ਕੜਵਾਹਟ ਭਰ ਦਿੰਦੇ ਹਨ। ਸਾਥੀ ਨੂੰ ਇਹ ਮਹਿਸੂਸ ਕਰਵਾਇਆ ਜਾਂਦਾ ਹੈ ਕਿ ਉਹ ਕਾਫੀ ਨਹੀਂ ਹੈ, ਜਿਸ ਨਾਲ ਹੀਣ ਭਾਵਨਾ ਪੈਦਾ ਹੁੰਦੀ ਹੈ। ਰੀਲਾਂ ਵਿੱਚ ਦਿਖਾਈ ਜਾਂਦੀ ਲਗਜ਼ਰੀ ਜੀਵਨ ਸ਼ੈਲੀ ਅਕਸਰ ਆਮਦਨ ਦੇ ਸਰੋਤਾਂ ਤੋਂ ਵੱਧ ਹੁੰਦੀ ਹੈ। ਜਦੋਂ ਇੱਕ ਸਾਧਾਰਨ ਮੱਧ-ਵਰਗੀ ਪਰਿਵਾਰ ਉਸ ਲਾਈਫਸਟਾਈਲ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਘਰ ਦਾ ਬਜਟ ਹਿੱਲ ਜਾਂਦਾ ਹੈ। ਦਿਖਾਵੇ ਲਈ ਮਹਿੰਗੇ ਕੱਪੜੇ ਖਰੀਦਣਾ ਜਾਂ ਔਕਾਤ ਤੋਂ ਵੱਧ ਖਰਚ ਕਰਨਾ ਕਰਜ਼ੇ ਦਾ ਕਾਰਨ ਬਣਦਾ ਹੈ। ਜਦੋਂ ਪੈਸੇ ਦੀ ਤੰਗੀ ਆਉਂਦੀ ਹੈ, ਤਾਂ ਘਰ ਵਿੱਚ ਲੜਾਈਆਂ ਹੁੰਦੀਆਂ ਹਨ ਅਤੇ ਸਭ ਕੁਝ ÷ਗੜਬੜਾ÷ ਜਾਂਦਾ ਹੈ। ਸਕੂਨ ਖਤਮ ਹੋ ਜਾਂਦਾ ਹੈ ਅਤੇ ਤਣਾਅ ਵਧ ਜਾਂਦਾ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਸੋਸ਼ਲ ਮੀਡੀਆ ਇੱਕ ਮੰਡੀ ਹੈ, ਜਿੱਥੇ ਹਰ ਕੋਈ ਆਪਣੀ 'ਵਧੀਆ ਤਸਵੀਰ' ਵੇਚ ਰਿਹਾ ਹੈ। ਅਸਲ ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਇੱਕ ਚੰਗਾ ਰਿਸ਼ਤਾ ਉਹ ਨਹੀਂ ਜੋ ਮਹਿੰਗੇ ਤੋਹਫ਼ ?ਆਂ 'ਤੇ ਟਿਕਿਆ ਹੋਵੇ, ਬਲਕਿ ਉਹ ਹੈ ਜਿੱਥੇ ਦੁੱਖ-ਸੁੱਖ ਵਿੱਚ ਇੱਕ ਦੂਜੇ ਦਾ ਸਾਥ ਹੋਵੇ। ਆਪਣੇ ਘਰ ਦੀ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ 'ਰੀਲ ਲਾਈਫ' ਦੇ ਪ੍ਰਭਾਵ ਤੋਂ ਬਾਹਰ ਨਿਕਲੀਏ। ਖੁਸ਼ੀ ਮਹਿੰਗੀਆਂ ਗੱਡੀਆਂ ਜਾਂ ਹੋਟਲਾਂ ਵਿੱਚ ਨਹੀਂ, ਬਲਕਿ ਪਰਿਵਾਰ ਨਾਲ ਬਿਤਾਏ ਪਿਆਰ ਭਰੇ ਪਲਾਂ ਵਿੱਚ ਹੈ। ਆਪਣੇ ਸਾਥੀ ਦੀ ਤੁਲਨਾ ਕਿਸੇ ਅਜਨਬੀ ਨਾਲ ਨਾ ਕਰੋ, ਕਿਉਂਕਿ ਜੋ ਸਕਰੀਨ 'ਤੇ ਚਮਕਦਾ ਹੈ, ਉਹ ਹਮੇਸ਼ਾ ਸੋਨਾ ਨਹੀਂ ਹੁੰਦਾ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਚਾਨਣਦੀਪ ਸਿੰਘ ਔਲਖ
ਸੰਪਰਕ 9876888177

# ਸਾਵਧਾਨੀ ਹਟੀ ਦੁਰਘਟਨਾ ਘਟੀ

\ ਸਵੇਰੇ ਸਵੇਰੇ ਅਚਾਨਕ ਪਿੰਡੋਂ ਫ਼ੋਨ ਆਇਆ,÷ ਬਾਪੂ ਜੀ ਪੂਰੇ ਹੋ ਗਏ ਹਨ।÷ ਅਸੀਂ ਉਸੇ ਸਮੇਂ ਫਟਾਫਟ ਪਿੰਡ ਨੂੰ ਜਾਣ ਲਈ ਤੁਰ ਪਏ। ਘਰ ਦੀ ਵੱਡੀ ਔਲਾਦ ਹੋਣ ਦੇ ਨਾਤੇ ਜਿੱਥੇ ਅਸੀਂ ਉਨ੍ਹਾਂ ਦੇ ਇਲਾਜ ਤੋਂ ਲੈਕੇ ਸਾਂਭ ਸੰਭਾਲ ਦਾ ਜ਼ਿੰਮਾ ਆਪਣੇ ਉੱਪਰ ਲਿਆ ਹੋਇਆ ਸੀ ,ਉੱਥੇ ਅਸੀਂ ਰਿਸ਼ਤੇਦਾਰਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਪਹੁੰਚ ਕੇ ਸਾਰੀ ਤਿਆਰੀ ਕਰਨਾ ਵੀ ਸਾਡਾ ਫਰਜ਼ ਸਮਝਦੇ ਸੀ।ਸਾਡਾ ਪਿੰਡ ਸ਼ਹਿਰ ਤੋਂ ਬਹੁਤੀ ਦੂਰ ਨਹੀਂ ਹੈ। ਜਲਦੀ ਹੀ ਅਸੀਂ ਪਿੰਡ ਪਹੁੰਚ ਗਏ। ਪਿੰਡ ਪਹੁੰਚ ਕੇ ਮੇਰੇ ਪਤੀ ਵੱਲੋਂ ਬਾਪੂ ਜੀ ਦੇ ਸਸਕਾਰ ਦੀ ਤਿਆਰੀ ਦੇ ਨਾਲ ਨਾਲ ਆਉਣ ਵਾਲੇ ਰਿਸ਼ਤੇਦਾਰਾਂ ਦੀ ਚਾਹ ਪਾਣੀ ਦਾ ਇੰਤਜ਼ਾਮ ਵੀ ਕਰਨਾ ਸ਼ੁਰੂ ਕਰ ਦਿੱਤਾ ਸੀ। ਘਰੇ ਤਾਂ ਕੰਮ ਵਾਲ ?ੀਆਂ ਚਾਹ ਪਾਣੀ ਤਿਆਰ ਕਰਕੇ ਆਉਣ ਵਾਲੇ ਸਾਰੇ ਲੋਕਾਂ ਨੂੰ ਨਾਲ ? ਦੀ ਨਾਲ ? ਪਰੋਸੀ ਜਾ ਰਹੀਆਂ ਸਨ। ਸਸਕਾਰ ਤੋਂ ਬਾਅਦ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਹੀ ਸਾਰੇ ਆਏ ਭੈਣ -ਭਾਈਆਂ ਖ਼ਾਤਰ ਲੰਗਰ ਦੇ ਇੰਤਜ਼ਾਮ ਕੀਤਾ ਸੀ। ਉਸ ਲਈ ਦਿਹਾੜੀ ਤੇ ਕੰਮ ਕਰਨ ਵਾਲੀਆਂ ਤਿੰਨ ਚਾਰ ਜਾਣੀਆਂ ਨੂੰ ਦਾਲ ? ਰੋਟੀ ਅਤੇ ਚਾਹ ਬਗੈਰਾ ਬਣਾਉਣ ਲਈ ਲਾ ਦਿੱਤਾ ਸੀ। ਉਹਨਾਂ ਨੇ ਜਿੰਨਾ ਆਟਾ ਕਿਹਾ ਓਨਾਂ ਆਟਾ ਤੇ ਜਿੰਨੀ ਮੂੰਗੀ ਮਸਰੀ ਦੀ ਦਾਲ ? ਮੰਗਵਾਈ ਓਨੀ ਹੀ ਦਾਲ ? ਅਤੇ ਹੋਰ ਸਭ ਕੁਝ ਲਿਆ ਕੇ ਦੇ ਦਿੱਤਾ। ਅਸੀਂ ਦਾਲ ? ਰੋਟੀ ਬਣਾਉਣ ਵਾਲੀਆਂ ਔਰਤਾਂ ਨੂੰ ਹਦਾਇਤ ਕੀਤੀ ਕਿ ਉਹ ਤੜਕਾ ਬਗੈਰਾ ਲਾ ਕੇ ਦਾਲ ? ਗਾੜ੍ਹੀ ਜਿਹੀ ਬਣਾਉਣ। ਦੁਪਹਿਰ ਤੱਕ ਸਾਰੇ ਦੂਰ ਨੇੜੇ ਦੇ ਰਿਸ਼ਤੇਦਾਰ ਪਹੁੰਚ ਗਏ ਸਨ। ਬਾਪੂ ਜੀ ਦੇ ਸਸਕਾਰ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਸਨ। ਸਮੇਂ ਸਿਰ ਬਾਪੂ ਜੀ ਦਾ ਸਸਕਾਰ ਕਰ ਦਿੱਤਾ ਗਿਆ। ਦਾਗ਼ ਲਾ ਕੇ ਸਾਰੇ ਸਾਕ ਸਬੰਧੀ , ਰਿਸ਼ਤੇਦਾਰ ਅਤੇ ਪਿੰਡ ਦੇ ਲੋਕ ਗੁਰਦੁਆਰੇ ਪਹੁੰਚ ਗਏ।ਬਾਬਾ ਜੀ ਵੱਲੋਂ ਅਲਾਹੁਣੀਆਂ ਦਾ ਪਾਠ ਕਰਕੇ ਭੋਗ ਪਾਏ ਗਏ। ਨਾਲ ? ਦੀ ਨਾਲ ? ਹੀ ਬਾਬਾ ਜੀ ਨੇ ਆਈ ਸਾਰੀ ਸੰਗਤ ਨੂੰ ਕਿਹਾ,÷ਭਾਈ ਰਿਸ਼ਤੇਦਾਰ,ਸਕੇ ਸਬੰਧੀਆਂ ਅਤੇ ਨਗਰ ਨਿਵਾਸੀਆਂ ਨੂੰ ਬੇਨਤੀ ਹੈ ਕਿ.... ਗੁਰੂ ਕਾ ਲੰਗਰ ਤਿਆਰ ਹੈ.... ਸਾਰੇ ਛਕ ਕੇ ਜਾਇਓ...!÷ ਅਸੀਂ ਵੀ ਮੂਹਰੇ ਖੜ੍ਹੇ ਹੋ ਕੇ ਸਾਰੇ ਜਣੇ ਹੱਥ ਜੋੜ ਕੇ ਆਈ ਸੰਗਤ ਨੂੰ ਲੰਗਰ ਹਾਲ ਵੱਲ ਜਾਣ ਦੀ ਬੇਨਤੀ ਕਰਨ ਲੱਗੇ। ਜਦ ਸਾਰੇ ਲੋਕ ਲੰਗਰ ਛਕ ਰਹੇ ਸਨ ਤਾਂ ਅਸੀਂ ਵੀ ਟਾਟ ਉੱਤੇ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਲੱਗੇ। ਜਦ ਵਰਤਾਰੇ ਮੁੰਡੇ ਵੱਲੋਂ ਦਾਲ ? ਪਾਈ ਗਈ ਤਾਂ ਵੇਖ ਕੇ ਹੈਰਾਨ ਰਹਿ ਗਏ । ਇਸ ਤਰ੍ਹਾਂ ਲੱਗਦਾ ਸੀ ਜਿਵੇਂ ਹਲਦੀ ਵਾਲੇ ਪਾਣੀ ਵਿੱਚ ਨਮਕ ਮਿਰਚ ਪਾਇਆ ਹੋਵੇ। ਅਸੀਂ ਸਾਰੇ ਹੈਰਾਨ ਸੀ ਤੇ ਲੋਕਾਂ ਨੂੰ ਘੁਸਰ ਮੁਸਰ ਕਰਦੇ ਦੇਖ਼ ਕੇ ਸ਼ਰਮ ਵੀ ਆ ਰਹੀ ਸੀ। ਕਈ ਰਿਸ਼ਤੇਦਾਰ ਬੁੜੀਆਂ ਨੇ ਤਾਂ ਕਹਿ ਕੇ ਸੁਣਾ ਵੀ ਦਿੱਤਾ,÷ਭਾਈ.....ਦਾਲ ? ਥੋੜ੍ਹੀ ਜਿਹੀ ਜ਼ਿਆਦਾ ਮੰਗਵਾ ਲੈਣੀ ਸੀ...ਥੋੜ੍ਹੀ ਹੋਣੀ ਆ ਤਾਂ ਹੀ....ਸੰਗਤ ਨੂੰ ਪੂਰੀ ਕਰਨ ਲਈ ਬਹੁਤੀ ਪਤਲੀ ਕਰਨੀ ਪੈਗੀ....ਹਲਦੀ ਵਾਲੇ ਪਾਣੀ ਨਾਲ ਮੈਂ ਤਾਂ ਮਸੀਂ ਇੱਕ ਰੋਟੀ ਖਾਧੀ।÷ ਇਹੋ ਜਿਹੀਆਂ ਹੋਰ ਦੋ ਚਾਰ ਲੋਕ ਗੱਲਾਂ ਸੁਣਾ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਅਸੀਂ ਸਾਰੇ ਪਾਣੀ ਨੁਮਾ ਪਤਲੀ ਦਾਲ ? ਦਾ ਮਸਲਾ ਹੱਲ ਕਰਨ ਲਈ ਗੁਰਦੁਆਰੇ ਰੁਕ ਗਏ। ਅਸੀਂ ਸਾਡੀ ਘਰਦੀ ਕੰਮ ਵਾਲ ?ੀ ਨੂੰ ਪੁੱਛਿਆ,÷ਭਾਈ ਤੂੰ ਕੰਮ ਵਾਲੀਆਂ ਤੋਂ ਦਾਲ ? ਕੋਲ ? ਖੜ੍ਹੀ ਹੋ ਕੇ ਨੀ ਬਣਵਾਈ ਸੀ ?÷ ਉਹ ਆਖਣ ਲੱਗੀ,÷ਚਾਚਾ ਜੀ....ਤੜਕਾ ਮੈਂ ਆਪ ਲਾ ਕੇ ਆਈ ਆਂ , ਦਾਲ ? ਤਾਂ.... ਸਬਜ਼ੀ ਜਿੰਨੀਂ ਗਾੜ੍ਹੀ ਸੀ।÷ ਬਾਕੀ ਦਿਹਾੜੀ ਤੇ ਲਿਆਂਦੀਆਂ ਕੰਮ ਵਾਲੀਆਂ ਨੂੰ ਪੁੱਛਿਆ ਤਾਂ ਉਹ ਪੈਰਾਂ ਤੇ ਪਾਣੀ ਨਾ ਪੈਣ ਦੇਣ, ਉਹ ਆਖਣ ਲੱਗੀਆਂ ,÷ਅਸੀਂ ਤਾਂ ਰੋਟੀ ਬਣਾ ਕੇ ਪਰਲੇ ਪਾਸੇ ਜਾ ਕੇ ਬੈਠ ਗਈਆਂ ਸੀ.....ਸਾਨੂੰ ਕੀ ਪਤਾ ... ਦਾਲ ? ਦੀ ਜ਼ਿੰਮੇਵਾਰੀ ਤਾਂ ਓਹਦੀ ਸੀ।÷ ਸਾਡੀ ਕੰਮ ਵਾਲ ?ੀ ਉਨ੍ਹਾਂ ਦਿਹਾੜੀ ਤੇ ਆਈਆਂ ਜ਼ਨਾਨੀਆਂ ਤੇ ਸ਼ੱਕ ਕਰੇ ਤੇ ਸਾਨੂੰ ਆਖਣ ਲੱਗੀ,÷....ਮੈਨੂੰ ਲੱਗਦਾ....ਜਦ ਮੈਂ ਤੜਕਾ ਲਾ ਕੇ ਉਰੇ ਪਰੇ ਹੋਈ ਤਾਂ ਇਹਨਾਂ ਨੇ ਆਪਣੇ ਡੋਲੂ ਭਰਕੇ ਘਰਾਂ ਨੂੰ ਭੇਜ ਦਿੱਤੇ ਹੋਣੇ ਆ।÷ ਇਸ ਤਰ੍ਹਾਂ ਕਿੰਨਾ ਚਿਰ ਦਾਲ ? ਪਤਲੀ ਹੋਣ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਆਪੋ ਆਪਣੀਆਂ ਕਿਆਸਅਰਾਈਆਂ ਲਾਉਂਦੇ ਅਸੀਂ ਘਰ ਪਰਤ ਆਏ ਪਰ ਦਾਲ ? ਪਤਲੀ ਹੋਣ ਦੀ ਅਸਲੀ ਵਜ ?ਹਾ ਕੋਈ ਨਾ ਲੱਭੀ। ਅਸੀਂ ਵੀ ਉਦਾਸ ਮਨ ਨਾਲ ਆਖਿਆ,÷ਚਲੋ ਜਿਹੜੀ ਬੇਜ਼ਤੀ ਹੋਣੀ ਸੀ ਹੁਣ ਹੋ ਗਈ .... ਭਾਈ ਗਾਹਾਂ ਤੋਂ ਧਿਆਨ ਰੱਖਣਾ ਪੈਣਾ।÷

ਤੀਜੇ ਦਿਨ ਸ਼ਰੀਕੇ ਵਾਲੀਆਂ ਸਾਰੀਆਂ ਔਰਤਾਂ ਫਿਰ ਬੈਠਣ ਆਈਆਂ ਤਾਂ ਗੱਲਾਂ ਚੋਂ ਗੱਲ ਫਿਰ ਦਾਲ ? ਦੀ ਚੱਲ ਪਈ। ਅਸੀਂ ਫਿਰ ਸਾਰੇ ਜਣੇ ਆਪਣੀ ਸਫ਼ਾਈ ਦੇਣ ਲੱਗੇ,÷ ਅਸੀਂ ਤਾਂ ਦਾਲ ? ਬਹੁਤ ਮੰਗਵਾਈ ਸੀ....ਜੇ ਓਨੀ ਘੱਟ ਸੀ ਤਾਂ ਸਾਨੂੰ ਹੋਰ ਕਹਿ ਦਿੰਦੇ... ਅਸੀਂ ਹੋਰ ਲਿਆ ਦਿੰਦੇ.... ਲੋਕ ਪਾਣੀ ਨਾਲ ਰੋਟੀ ਖਾ ਕੇ ਗਏ ....ਕਿੱਡੀ ਬੇਜ਼ਤੀ ਦੀ ਗੱਲ ਆ ਸਾਡੇ ਲਈ....!÷

ਵਿੱਚੋਂ ਈ ਸਾਡੇ ਸਕਿਆਂ ਦੀ ਵਹੁਟੀ ਆਪਣੇ ਘਰਵਾਲੇ ਦਾ ਨਾਂ ਲੈ ਕੇ ਕਹਿੰਦੀ ਉਹਨੂੰ ਪੁੱਛਿਓ ਨਾ , ਨਹੀਂ ਤਾਂ ਉਹ ਮੇਰੇ ਛਿੱਤਰ ਫੇਰੂ , ਮੈਂ ਤੁਹਾਨੂੰ ਸੱਚ ਦੱਸਦੀ ਆਂ ,÷ ..(ਘਰਵਾਲ ? ਦਾ ਨਾਂ ਲੈ ਕੇ)ਓਹਨੂੰ .....ਦੋਝੀਆਂ ਦੇ ਨੀਲੂ ਨੇ ਆਪ ਦੱਸਿਆ.... ਜਦ ਸਾਰੇ ਜਣੇ ਉਰੇ ਪਰੇ ਹੋਏ ਤਾਂ......ਓਹਨੇ ਦੋ ਵੱਡੀਆਂ ਬਾਲਟੀਆਂ ਭਰਕੇ ਪਾਣੀ ਦੀਆਂ ਬਣੀ ਹੋਈ ਦਾਲ ? ਵਿੱਚ ਪਾਈਆਂ ਸੀ.... ਤੁਹਾਡਾ ਨੱਕ ਵੱਢਣ ਲਈ...!÷ ਅਸੀਂ ਸਾਰੇ ਇਹ ਸੁਣ ਕੇ ਹੈਰਾਨ ਹੋ ਗਏ ਕਿ ਕਿਸੇ ਦੀ ਬੇਜ਼ਤੀ ਕਰਵਾਉਣ ਲਈ ਕੋਈ ਮਰਗ ਤੇ ਵੀ ਐਡੀ ਨੀਚ ਹਰਕਤ ਕਰ ਸਕਦਾ ਸੀ,ਐਨੀ ਘਟੀਆ ਮਾਨਸਿਕਤਾ ਦੇ ਲੋਕ ਵੀ ਹੋ ਸਕਦੇ ਹਨ ! ਇਹ ਗੱਲ ਸੁਣ ਕੇ ਸਾਡੇ ਬੰਦੇ ਆਖਣ ਕਿ ਜਿੱਥੇ ਮਿਲਿਆ ਅਸੀਂ ਫ਼ੜਕੇ ਓਹਨੂੰ ਚੰਗੀ ਤਰ੍ਹਾਂ ਕੁੱਟਣਾ। ਵਿੱਚੋਂ ਕਿਸੇ ਸਿਆਣੀ ਬਜ਼ੁਰਗ ਔਰਤ ਨੇ ਕਿਹਾ,÷.... ਹੁਣ ਤਾਂ ਜੋ ਹੋਣਾ ਸੀ ਹੋ ਗਿਆ....ਭਾਈ ਬਜ਼ੁਰਗ ਦਾ ਮਰਨਾ ਕਾਹਨੂੰ ਖਰਾਬ ਕਰਨਾ....ਭੋਗ ਵਾਲੇ ਦਿਨ ਰੋਟੀ ਪਾਣੀ ਤੇ ਨਿਗਰਾਨੀ ਰੱਖਣ ਦੀ ਕਿਸੇ ਦੀ ਡਿਊਟੀ ਲਾ ਦਿਓ.... ਹੁਣ ਤਾਂ ਓਹਨੇ ਦਾਲ ? ਵਿੱਚ ਪਾਣੀ ਓ ਪਾਇਆ ਸੀ.....ਇਹੋ ਜਿਹੇ ਬੰਦੇ ਦਾ ਕੀ ਭਰੋਸਾ.....ਕੁਛ ਹੋਰ ਵੀ ਪਾ ਸਕਦਾ ਸੀ...।÷

ਵਿੱਚੋਂ ਈ ਇੱਕ ਜਾਣੀ ਬੋਲੀ,÷ਗੱਲ ਤਾਂ ਸੱਚੀ ਆ ਤਾਈ ਤੇਰੀ.... ਧਿਆਨ ਤਾਂ ਰੱਖਣਾ ਪੈਣਾ....ਐਵੇਂ ਤਾਂ ਨੀ ਕਿਸੇ ਨੇ ਕਿਹਾ ਸਾਵਧਾਨੀ ਹਟੀ ਦੁਰਘਟਨਾ ਘਟੀ....!÷

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREETNAMA ONLINE AND PRINT MEDIA KHARA SACH
CHIEF EDITOR : PRITPAL KAUR +1 201-312-4180
Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

## We promote your business worldwide.
## We promote and do coverage all Kind Events.


Preetnama ਪ੍ਰੀਤਨਾਮਾ ਖਰਾ ਸੱਚ Khara Sach
On our English language New Website WWW.PREETNEWS.COM
Chief Editor Pritpal Kaur +1 201-312-4180
Vol 4, Issue 330 Website: www.preetnama.com Email preetnamausa@gmail.com 28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina


Space for Available for Advertising
WWW.PREETNEWS.COM
WWW.PREETNAMA.COM
preetnamausa@gmail.com
ਨਿਊਯਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
Online and Print Media +1 201-312-4180 +1 917-328-8436
ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ
ਸਾਲ 4, ਅੰਕ 330, 28 ਨਵੰਬਰ ਤੋਂ 04 ਦਸੰਬਰ 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੂਕ ਕਰ ਰਹੀ ਹੈ ?

ਕੀ ਭਾਜਪਾ ਨੂੰ ਵਿਧਾਨ ਸਭਾ ਚੋਣਾਂ 'ਚ ਹੋ ਸਕਦਾ ਹੈ ਨੁਕਸਾਨ

# Pritpal Kaur (CEO and Founder)

## 001 (201) 312 4180

Email: Preetnamausa@gmail.com,
www.preetnama.com www.preetnews.com

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342

Website: www.preetnama.com Email preetnamausa@gmail.com

20 FEB TO 26 FEB, 2026




# ਪੰਜਾਬੀ ਵਿਰਸੇ ਦਾ ਕੋਸ਼ : ਗਿਆਨੀ ਗੁਰਦਿੱਤ ਸਿੰਘ



ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਪ੍ਰੋ. ਨਵ ਸੰਗੀਤ ਸਿੰਘ
(9417692015)

ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿੱਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇੱਕ ਸਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ-ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ 1923 ਈ. ਨੂੰ ਸ. ਹੀਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ; ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ। ਲਾਹੌਰ ਤੋਂ 1944-
45 ਵਿੱਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤੱਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤੱਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਕ ਅਸਥਾਨਾਂ- ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬਰੇਰੀ ਵਿੱਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਬੀਬੀ ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲਡ ?ਕੇ ਰੂਪਇੰਦਰ ਸਿੰਘ (1960) ਅਤੇ ਰਵੀ ਇੰਦਰ ਸਿੰਘ (1961) ਪੈਦਾ ਹੋਏ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤੱਕ ਦੇ ਪਹਿਲੇ ਇਸਤ੍ਰੀ ਵੀਸੀ ਹੋ ਗੁਜ਼ਰੇ ਹਨ। ਸ੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ। ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚਪੱਧਰੀ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਦਾ ਮੁਕੰਮਲ ਵੇਰਵਾ ਇਸ ਪ੍ਰਕਾਰ ਹੈ:

* ਕਵਿਤਾ: ਅਛੋਹ ਸਿਖਰਾਂ, ਭਾਵਾਂ ਦੇ ਦੇਸ਼।
* ਖੋਜ ਅਤੇ ਆਲੋਚਨਾ: ਰਾਗ ਮਾਲਾ ਦੀ ਅਸਲੀਅਤ, ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਤੇ ਉਨ੍ਹਾਂ ਦੀ ਰਚਨਾ, ਮੁੰਦਾਵਣੀ।
* ਵਾਰਤਕ: ਮੇਰਾ ਪਿੰਡ (ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ।) ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ।
* ਜੀਵਨੀ: ਭਾਈ ਲਾਲੋ ਦਰਸ਼ਨ, ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ (ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ)।
* ਸੱਭਿਆਚਾਰ ਤੇ ਇਤਿਹਾਸ: ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ, ਪੰਜਾਬੀ ਸੱਭਿਆਚਾਰ।
* ਧਰਮ ਤੇ ਫ਼ਲਸਫਾ: ਜੀਵਨ ਦਾ ਉਸਰੱਈਆ- ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ।
* ਸੰਪਾਦਨ: ਅਮਰਨਾਮਾ, ਲੋਕ ਕਹਾਣੀਆਂ (ਤਿੰਨ ਜਿਲਦਾਂ)।

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਅਤੇ ਵਿਰਸੇ ਦਾ ਜੋ ਭਰਪੂਰ ਚਿੱਤਰਣ ਇਸ ਵਿੱਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ ਤੇ ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਿਲਾਂ, ਵਹਿਮਾਂ-ਭਰਮਾਂ ਤੇ ਅਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿੱਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ (24*15ਸੈਂ.ਮੀ.) ਕਰ ਦਿੱਤਾ ਅਤੇ ਇਸ ਨੂੰ ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ ਅਤੇ 2014 ਵਿੱਚ ਇਸ ਦਾ ਬਾਰ੍ਹਵਾਂ ਐਡੀਸ਼ਨ ਪ੍ਰਕਾਸ਼ਿਤ ਹੋਇਆ ਸੀ। ਵੱਡੇ ਆਕਾਰ ਵਿੱਚ ਪ੍ਰਕਾਸ਼ਿਤ ਇਸ ਪੁਸਤਕ ਦੇ ਕੁੱਲ 480 ਪੰਨੇ ਹਨ,ਜਿਸ ਵਿੱਚ ਪਰਵੇਸ਼, ਭੂਮਿਕਾ, ਪ੍ਰਸੰਸਾ, ਸੁਆਗਤ ਆਦਿ ਦੇ 18 ਪੰਨੇ ਵੱਖਰੇ ਹਨ।

ਪੁਸਤਕ ਵਿੱਚ ਪ੍ਰਕਾਸ਼ਿਤ ਲੇਖਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ- ਪਹਿਲੇ ਵਿੱਚ ਮੇਰੇ ਪਿੰਡ ਦਾ ਮੂੰਹ ਮੱਥਾ, ਮੇਰੇ ਵੱਡੇ ਵਡੇਰੇ, ਮੇਰਾ ਬਚਪਨ, ਮੇਰੇ ਪਿੰਡ ਦਾ ਆਂਢ ਗੁਆਂਢ, ਕੰਮ ਧੰਦੇ ਤੇ ਆਹਰ ਪਾਹਰ, ਮੇਰੇ ਪਿੰਡ ਦੇ ਇਸ਼ਟ, ਸੰਤਾਂ ਸਾਧਾਂ ਲਈ ਸ਼ਰਧਾ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਮੇਰੇ ਪਿੰਡ ਦੇ ਗਾਲ੍ਹੜੀ, ਭਾਂਤ ਸੁਭਾਂਤੀ ਦੁਨੀਆਂ, ਵਹਿਮ ਭਰਮ, ਤਿੱਥ ਤਿਉਹਾਰ, ਤੀਆਂ, ਵੰਗਾਂ ਤੇ ਮਹਿੰਦੀ, ਤੀਆਂ ਦਾ ਗਿੱਧਾ ਤੇ ਤ੍ਰਿੰਞਣ ਸਿਰਲੇਖ ਹੇਠ ਕੁੱਲ 17 ਲੇਖ ਹਨ; ਜਦ ਕਿ ਦੂਜੇ ਭਾਗ ਵਿੱਚ ਜਨਮ ਤੋਂ ਲੈ ਕੇ ਮੌਤ ਤਕ ਦੀਆਂ ਰੀਤਾਂ ਨਾਲ ਸਬੰਧਤ ਕੁੱਲ 12 ਲੇਖ ਸੰਕਲਿਤ ਹਨ। ਅੰਤਿਕਾ ਵਿੱਚ (ਪੰਨੇ 463 ਤੋਂ 479 ਤੱਕ) ਗਿਆਰਾਂ ਪ੍ਰਸਿੱਧ ਲੇਖਕਾਂ (ਈਸ਼ਵਰ ਚਿੱਤਰਕਾਰ, ਦੇਵਿੰਦਰ ਸਤਿਆਰਥੀ,ਖ਼ੁਸ਼ਵੰਤ ਸਿੰਘ, ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਜੈਚੰਦਰ ਵਿੱਦਿਆਲੰਕਾਰ, ਡਾ ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਨਾਨਕ ਸਿੰਘ, ਬਲਰਾਜ ਸਾਹਨੀ, ਗੁਰਬਚਨ ਸਿੰਘ ਤਾਲਿਬ ਅਤੇ ਡਾ ਜਸਪਾਲ ਸਿੰਘ) ਵੱਲੋਂ ਪੁਸਤਕ ਬਾਰੇ (ਕ੍ਰਮਵਾਰ ਵਾਰਤਕ ਦੇ ਮੈਦਾਨ ਵਿੱਚ ਝੰਡਾ, ਲੋਕ ਪਰੰਪਰਾ ਦਾ ਨਵਾਂ ਜਨਮ, ਡਿਲਾਇਟਫੁੱਲ ਐੱਸੇ, ਆਊਟਸਟੈਂਡਿੰਗ ਨਾਵਲ, ਇਤਿਹਾਸਕ ਮਹੱਤਵ, ਧੜਕਦਾ ਸੋਹਜ ਮਲੂਕ ਕਲਾ ਦ੍ਰਿਸ਼, ਇਕ ਵਿਅੰਗਭਰੀ ਵੰਗਾਰ, ਸੰਦਲੀ ਸ਼ਰਬਤ ਦਾ ਗਲਾਸ, ਅਜੋਕੇ ਭਾਰਤੀ ਸਾਹਿਤ ਭੰਡਾਰ ਦਾ ਅਦੁੱਤੀ ਸ਼ਾਹਕਾਰ, ਪੰਜਾਬੀ ਬੈਲੇ ਲੈਟਰ, ਲਾਈਫ ਐਜ਼ ਕਲਚਰਲ ਹਿਸਟਰੀ ਆਫ ਪੰਜਾਬ) ਵਿਚਾਰ ਪ੍ਰਗਟ ਕੀਤੇ ਗਏ ਹਨ।

1958-59 ਵਿੱਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਅਚਾਰੀਆ' ਦੀ ਉਪਾਧੀ, ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ; ਸਿੱਖ ਕਲਚਰਲ ਸੁਸਾਇਟੀ ਵੈਨਕੂਵਰ ਕੈਨੇਡਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ', ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼ ?ਰੋਮਣੀ ਪੁਰਸਕਾਰ ਆਦਿ ਉਲੇਖਯੋਗ ਹਨ।

ਗਿਆਨੀ ਗੁਰਦਿੱਤ ਸਿੰਘ ਵੱਲੋਂ ਕੀਤੇ ਹੋਰ ਜ਼ਿਕਰਯੋਗ ਕਾਰਜਾਂ ਵਿੱਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਲ ਹੈ। 1948 ਵਿੱਚ ਉਨ੍ਹਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ, ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤੱਕ ਪਟਿਆਲੇ ਤੋਂ ਛਪਦਾ ਰਿਹਾ; 1956 ਤੋਂ 1964 ਤਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ; 1970 ਤੋਂ 1987 ਤਕ ਫਿਰ ਪਟਿਆਲੇ ਤੋਂ ਸਪਤਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤ੍ਰਿਕਾ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤੀ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿੱਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼ ?ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਸ ਦੇ ਜਨਰਲ ਸਕੱਤਰ ਰਹੇ, ਫਿਰ 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿੱਚ ਕਾਰਜ ਕੀਤਾ। ਉਨ੍ਹਾਂ ਨੇ ਦਰਜਨਾਂ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ-ਭਰ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ ਤੇ ਆਯੋਜਿਤ ਕਰਵਾਏ। ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗਡ ? ?ਹ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ-ਕੇਂਦਰਾਂ ਦੀ ਸਥਾਪਨਾ ਕੀਤੀ, ਜੋ ਅੱਜ ਤੱਕ ਵੀ ਨਿਰੰਤਰ ਕਾਰਜਸ਼ੀਲ ਹਨ।

ਗਿਆਨੀ ਜੀ ਪੰਜਾਬ ਵਿਧਾਨ ਪ੍ਰੀਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਕੀਤੇ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਕ ਉਪਰਾਲੇ ਕੀਤੇ।

ਗਿਆਨੀ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਪੰਜਾਬ ਦੇ ਸਕੂਲਾਂ ਲਈ ਸਪਲੀਮੈਂਟਰੀ ਰੀਡਰ (ਪੰਜਵੀਂ ਤੋਂ ਅੱਠਵੀਂ ਤਕ) ਪੁਸਤਕਾਂ ਦੇ ਰੂਪ ਵਿੱਚ ਨਿਸ਼ਚਿਤ ਕੀਤੀ ਗਈ; ਯੂਨੀਵਰਸਿਟੀਆਂ ਵਿੱਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿੱਚ ਐਮ ਏ ਦੀਆਂ ਜਮਾਤਾਂ ਵਿੱਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐਮ ਫਿਲ ਅਤੇ ਪੀਐਚਡੀ ਪੱਧਰ ਦਾ ਖੋਜ- ਕਾਰਜ ਵੀ ਇਸ ਸੰਬੰਧੀ ਹੋ ਚੁੱਕਾ ਹੈ। ਸੋਸ਼ਿਆਲੋਜੀ ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖਾਂ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ।

ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿੱਚ ਰੁੱਝੇ ਰਹੇ ਅਤੇ ਅੰਤ 17 ਜਨਵਰੀ 2007 ਨੂੰ ਸਦੀਵੀ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸ਼ਖ਼ਸੀਅਤ, ਧਰਮ, ਸਾਹਿਤ, ਸਿਆਸਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਉਨ੍ਹਾਂ ਦੀ ਬਰਸੀ ਉੱਤੇ ਵਿਦਵਾਨਾਂ, ਪੱਤਰਕਾਰਾਂ ਤੇ ਉੱਘੀਆਂ ਸ਼ਖ਼ਸੀਅਤਾਂ ਦੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਲਿਖੇ ਲੇਖਾਂ ਅਤੇ ਤਸਵੀਰਾਂ ਨਾਲ ਸੁਸੱਜਿਤ 230 ਪੰਨਿਆਂ ਦੀ ਯਾਦਗਾਰੀ ਪੁਸਤਕ ÷ਗਿਆਨੀ ਗੁਰਦਿੱਤ ਸਿੰਘ 1923-2007÷ ਰਾਹੀਂ ਗਿਆਨੀ ਜੀ ਦੀ ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

# ਅਜੋਕੇ ਸਮੇਂ ਅੰਦਰ ਵਿਦਿਅਕ ਸੰਸਥਾਵਾਂ ਦੀਆਂ ਖੋਖਲੀਆਂ ਹੋ ਰਹੀਆਂ ਨੀਹਾਂ ਲਈ ਜ਼ਿੰਮੇਵਾਰ ਕੌਣ...

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਪ੍ਰੋ. ਗੀਤਾ
ਬੋੜਾਵਾਲ ਕਾਲਜ ਮਾਨਸਾ

- ਪਿਛਲੇ ਲੰਬੇ ਸਮੇਂ ਤੋਂ ਵਿੱਦਿਅਕ ਇੱਕ ਸੰਸਥਾਵਾਂ ਦੇ ਅੰਦਰ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜਿਸ ਨੂੰ ਅਸੀਂ ਸਹੀ ਨਹੀਂ ਮੰਨ ਸਕਦੇ ।ਭਾਵੇਂ ਕਈ ਸਾਰੀਆਂ ਵਿਦਿਆਕ ਸੰਸਥਾਵਾਂ ਬੱਚਿਆਂ ਨੂੰ ਸਿੱਖਿਆ ਦੇਣ ਲਈ ਮੁਢਲੇ ਅਹਿਮ ਕਦਮ ਮਜ਼ਬੂਤੀ ਨਾਲ ਧਰ ਰਹੀਆਂ ਹਨ ਪਰ ਕਈ ਪੱਖਾਂ ਤੋਂ ਕਈ ਥਾਵਾਂ ਤੇ ਕਮਜ਼ੋਰੀ ਵੀ ਵੇਖੀ ਜਾ ਰਹੀ ਹੈ । ਕਈ ਸੰਸਥਾਵਾਂ ਨੌਜਵਾਨਾਂ ਦੇ ਅੰਦਰ ਉੱਚ ਵਿੱਦਿਆ ਗ੍ਰਹਿਣ ਕਰਨ ਦਾ ਮਾਦਾ ਰੱਖਵਾਉਦੀਆ ਹਨ ।ਬਿਨਾਂ ਸ਼ੱਕ ਵਿਦਿਅਕ ਸੰਸਥਾਵਾਂ ਸਾਡੇ ਸਮਾਜ ਦਾ ਇੱਕ ਅਜਿਹਾ ਥੰਮ ਹਨ, ਜਿਸ ਤੋਂ ਸ਼ੁਰੂ ਹੋ ਕੇ ਸਾਡਾ ਸਮਾਜ ਅੱਗੇ ਵੱਧਦਾ ਹੋਇਆ ਜਿੰਦਗੀ ਅੰਦਰ ਕਿਸੇ ਮਹਾਨ ਮਰਤਬੇ ਨੂੰ ਹਾਸਲ ਕਰਦਾ ਹੈ ।ਵਿਦਿਅਕ ਸੰਸਥਾਵਾਂ ਦੀ ਕਦਰ ਕਰਨਾ ਸਾਡਾ ਮੁਢਲਾ ਫਰਜ ਅਤੇ ਜ਼ਿੰਮੇਵਾਰੀ ਹੈ ਜੇਕਰ ਅਸੀਂ ਵਿਦਿਅਕ ਸੰਸਥਾਵਾਂ ਦੀ ਕਦਰ ਨਹੀਂ ਕਰਾਂਗੇ ਤਾਂ ਅਸੀਂ ਜ਼ਿੰਦਗੀ ਅੰਦਰ ਕਦੇ ਵੀ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੇ । ਸੰਸਥਾਵਾਂ ਦੀ ਨੀਂਹ ਸਾਨੂੰ ਪੂਰੀ ਤਰ੍ਹਾਂ ਪੱਕੀ ਅਤੇ ਮਜਬੂਤ ਬਣਾਉਣ ਦੇ ਲਈ ਵੱਡੇ ਪੱਧਰ ਤੇ ਕੰਮ ਕਰਨ ਦੀ ਜ਼ਰੂਰਤ ਹੁੰਦੀ ਹੈ ਇਸ ਦੇ ਕਰਤਾ ਧਰਤਾ ਲੋਕ ਬਿਨਾਂ ਸ਼ੱਕ ਇੱਕ ਉੱਚੀ ਬੁੱਧੀ ਅਤੇ ਵਿਸ਼ਾਲ ਦਿਮਾਗੀ ਪਰੋੜਤਾ ਦੇ ਮਾਹਰ ਲੋਕ ਹੁੰਦੇ ਹਨ ।

ਭਾਵੇਂ ਕਿ ਵਿਦਿਅਕ ਸੰਸਥਾਵਾਂ ਦੇ ਅੰਦਰ ਕੁਦਰਤੀ ਰਹੁ ਰੀਤਾਂ ਦੀ ਬਹਾਲੀ ਲਈ ਯਤਨ ਕੀਤੇ ਜਾਂਦੇ ਹਨ ।ਇਹ ਸੱਜਣ ਅਜਿਹੇ ਹੁੰਦੇ ਹਨ ਜੋ ਸਮਾਜ ਨੂੰ ਅੱਗੇ ਲੈ ਕੇ ਜਾਣ ਲਈ ਸਿਰ ਤੋੜ ਯਤਨ ਕਰਦੇ ਰਹਿੰਦੇ ਹਨ ।ਪਰ ਇਹ ਵੀ ਸੱਚ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਵਿਦਿਅਕ ਸੰਸਥਾਵਾਂ ਦੇ ਅੰਦਰ ਕਾਫੀ ਨਿਘਾਰ ਵੇਖਿਆ ਜਾ ਰਿਹਾ ਹੈ ਭਾਵੇਂ ਵਿਦਿਅਕ ਸੰਸਥਾਵਾਂ ਮਨੁੱਖ ਨੂੰ ਉਸ ਮੰਜ਼ਿਲ ਤੇ ਲੈ ਜਾਂਦੀਆਂ ਹਨ ਜਿੱਥੇ ਜਾ ਕੇ ਉਹ ਸਮਾਜ ਦੇ ਅੰਦਰ ਸਤਿਕਾਰ ਦਾ ਪਾਤਰ ਬਣਦਾ ਹੈ ਪਰ ਬਹੁਤ ਸਾਰੀਆਂ ਇਨ੍ਹਾਂ ਸੰਸਥਾਵਾਂ ਅੱਜ ਡਿੱਗ ਰਹੇ ਗ੍ਰਾਫ ਦੇ ਕਾਰਨ ਅਕਸਰ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ । ਇਨ੍ਹਾਂ ਸੰਸਥਾਵਾਂ ਦੇ ਵਿੱਚੋਂ ਸਿੱਖਿਆ ਹਾਸਿਲ ਕਰਕੇ ਬਹੁਤ ਸਾਰੇ ਇਨਸਾਨ ਉਸ ਰੁਤਬੇ ਨੂੰ ਪਹੁੰਚ ਗਏ ਜੋ ਕਿਸੇ ਬਿਰਲੇ ਇਨਸਾਨ ਨੂੰ ਹਾਸਲ ਹੁੰਦਾ ਹੈ ।ਕਈਆਂ ਨੇ ਤਾਂ ਹੋਰਨਾਂ ਮੁਲਕਾਂ ਦੇ ਵਿੱਚ ਜਾ ਕੇ ਆਪਣੀ ਵਿੱਦਿਆਕ ਯੋਗਤਾ ਜਰੀਏ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ ।ਅਜਿਹੇ ਲੋਕਾਂ ਨੂੰ ਸਦਾ ਹੀ ਉਤਸਾਹਿਤ ਕੀਤੇ ਜਾਣ ਦੀ ਲੋੜ ਹੁੰਦੀ ਹੈ ।

ਕਈ ਵਿਦਿਅਕ ਸੰਸਥਾਵਾਂ ਦੇ ਅੰਦਰ ਲੋੜਵੰਦ ਬੱਚਿਆਂ ਦੀ ਸਿੱਖਿਆ ਦੇ ਨਾਂ ਤੇ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜੋ ਮਾੜਾ ਵਰਤਾਰਾ ਹੈ ।ਸਾਨੂੰ ਕਿਸੇ ਨੂੰ ਦੋਸ਼ੀ ਕਹਿਣ ਦਾ ਕੋਈ ਹੱਕ ਨਹੀਂ, ਪਰ ਜੇਕਰ ਇਹ ਸੰਸਥਾਵਾਂ ਹੀ ਸਹੀ ਨਾ ਰਹੀਆਂ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਦਾ ਵੱਡਾ ਨੁਕਸਾਨ ਹੋ ਜਾਵੇਗਾ ।ਕਈ ਵਿੱਦਿਅਕ ਇੱਕ ਸੰਸਥਾਵਾਂ ਅੰਦਰ ਘਾਟੇ ਵਾਧੇ ਵਿਖਾ ਕੇ ਸਿੱਖਿਆ ਦੇ ਵਪਾਰੀਕਰਨ ਦੇ ਰੂਪ ਵਿੱਚ ਬਹੁਤ ਕੁਝ ਅਜਿਹਾ ਕੀਤਾ ਜਾ ਰਿਹਾ ਹੈ ਜੋ ਕਦਾਚਿਤ ਵੀ ਇਨ੍ਹਾਂ ਵਿਦਿਅਕ ਅਦਾਰਿਆਂ ਦੇ ਹੱਕ ਵਿੱਚ ਨਹੀਂ ਜਾਵੇਗਾ । ਕਈ ਅਦਾਰੇ ਉਹ ਵੀ ਹਨ ਜੋ ਪੱਲਾ ਖਰਚ ਕੇ ਲੋੜਵੰਦਾਂ ਦੀ ਮਦਦ ਕਰਦੇ ਹਨ ਬਿਨਾਂ ਸ਼ੱਕ ਉਨ੍ਹਾਂ ਦੀ ਸਿਫਤ ਕਰਨੀ ਬਣਦੀ ਹੈ ।ਪਰ ਕਈ ਅਦਾਰਿਆਂ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਕੀਤਾ ਜਾ ਰਿਹਾ ਸੋਸਣ ਗਲਤ ਹੈ ।ਫਿਰ ਵੀ ਸਾਰੇ ਇੱਕੋ ਜਿਹੇ ਨਹੀਂ ਹੁੰਦੇ ।

ਬਹੁਤ ਸਾਰੇ ਸੱਜਣ ਨੇ ਵੀ ਹਨ ਜੋ ਵਿੱਦਿਆ ਸੰਸਥਾਵਾਂ ਅੰਦਰ ਦਾਨ ਪਾਤਰ ਦਾ ਕੰਮ ਕਰਦੇ ਹਨ ਇਹ ਇੱਕ ਚੰਗਾ ਕਦਮ ਹੈ ।ਇੱਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਕਈ ਅਦਾਰਿਆਂ ਅੰਦਰ ਅਧਿਆਪਕਾਂ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਕੁਸ਼ਲ ਪ੍ਰਬੰਧਾਂ ਨੂੰ ਪਾਸੇ ਰੱਖ ਕੇ ਸਿਰਫ ਮੁਨਾਫੇ ਨੂੰ ਪਹਿਲ ਦੇ ਕੇ ਕੰਮ ਕੀਤਾ ਜਾ ਰਿਹਾ ਹੈ । ਫਿਰ ਅਜਿਹੇ ਵਿੱਦਿਅਕ ਅਦਾਰੇ ਕਿੰਨਾ ਚਿਰ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਨਗੇ ਇਹ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ ਕਿਉਂਕਿ ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ ਜੇਕਰ ਅਸੀਂ ਇਸ ਨੂੰ ਹੀ ਸਹੀ ਦਿਸ਼ਾ ਅਤੇ ਦਸ਼ਾ ਨਾ ਦੇ ਸਕੇ ਤਾਂ ਨੁਕਸਾਨ ਸਾਡਾ ਸਾਰਿਆਂ ਦਾ ਹੋਵੇਗਾ ।ਇਸ ਲਈ ਸਾਨੂੰ ਚਾਹੀਦਾ ਹੈ ਕਿ ਵਿਦਿਅਕ ਅਦਾਰਿਆਂ ਦੇ ਅੰਦਰ ਆ ਰਹੇ ਨਿਘਾਰ ਨੂੰ ਦੂਰ ਕਰਨ ਦੇ ਲਈ ਵੱਡੇ ਪੱਧਰ ਤੇ ਯਤਨ ਕੀਤੇ ਜਾਣ ਅਤੇ ਖਾਸ ਕਰ ਵਿਦਿਆਰਥੀ ਵਰਗ ਨੂੰ ਨਾਲ ਲੈ ਕੇ ਸੈਮੀਨਾਰ ਕਰਵਾਏ ਜਾਣ । ਪੰਜਾਬ ਅੰਦਰ ਭਾਵੇਂ ਬਹੁਤ ਸਾਰੇ ਵਿੱਦਿਅਕ ਅਦਾਰੇ ਅਜਿਹੇ ਵੀ ਹਨ ਜਿਨਾਂ ਵੱਲੋਂ ਲੋੜਵੰਦਾਂ ਨੂੰ ਸਿੱਖਿਆ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਮੁਹਈਆ ਕਰਵਾਈ ਜਾਂਦੀ ਹੈ, ਉਹ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ ।ਸਾਨੂੰ ਸਾਰਿਆਂ ਨੂੰ ਇਸ ਦੇ ਲਈ ਆਪਣੀ ਜਿੰਮੇਵਾਰੀ ਅਤੇ ਫਰਜ਼ ਸਮਝ ਕੇ ਉਚੇਚੇ ਯਤਨ ਕਰਨੇ ਚਾਹੀਦੇ ਹਨ ।ਪਰ ਬਹੁਤ ਸਾਰੇ ਪ੍ਰਬੰਧਕ ਅਜਿਹੇ ਵੀ ਹਨ ਜਿਹੜੇ ਆਪਣੀਆਂ ਜਿੰਮੇਵਾਰੀਆਂ ਅਤੇ ਫਰਜ਼ਾਂ ਤੋਂ ਭੱਜ ਰਹੇ ਹਨ । ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਅਤੇ ਆਗੂਆਂ ਨੂੰ ਚਾਹੀਦਾ ਹੈ ਕਿ ਨੌਜਵਾਨ ਵਰਗ ਨੂੰ ਨਾਲ ਲੈ ਕੇ ਵਿਦਿਅਕ ਅਦਾਰਿਆਂ ਦੀ ਮਜਬੂਤੀ ਦੇ ਲਈ ਨਵੀਂ ਰੂਪ-ਰੇਖਾ ਦੇ ਤਹਿਤ ਕੰਮ ਕਰਨਾ ਚਾਹੀਦਾ ਹੈ ।ਜੇਕਰ ਸਾਡੇ ਇਹ ਅਦਾਰੇ ਹੀ ਸਹੀ ਕੰਮ ਨਾ ਕਰ ਸਕੇ ਤਾਂ ਇਹ ਗ੍ਰਾਫ ਆਏ ਦਿਨ ਹੋਰ ਹੇਠਾਂ ਡਿੱਗਦਾ ਜਾਵੇਗਾ ।ਸਾਨੂੰ ਸਾਰਿਆਂ ਨੂੰ ਵਿਦਿਅਕ ਸੰਸਥਾਵਾਂ ਦੇ ਅੰਦਰ ਮਜਬੂਤ ਪ੍ਰਬੰਧ ਬਹਾਲ ਕਰਨ ਦੇ ਨਾਲ ਨਾਲ ਇਸ ਸਬੰਧੀ ਖੁੱਲੇ ਮਨ ਨਾਲ ਸੋਚਣ ਦੀ ਲੋੜ ਹੈ ।

# ਪ੍ਰੀਤ ਫੁਲਵਾੜੀ

## ਬੰਦੇ ਦੇ ਰੰਗ

ਝੂਠ ਨੂੰ ਇਹ ਸੱਚ ਬਣਾਉਂਦਾ
ਸੱਚ ਨੂੰ ਝੂਠ ਦਿਖਾਉਂਦਾ
ਤਰੀਕੇ ਕਮਾਲ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।
ਮੂੰਹ ਤੋਂ ਰੱਬ ਦਾ ਨਾਮ ਹੈ ਲੈਂਦਾ
ਬਗਲ ਵਿੱਚ ਛੁਰੀ ਵੀ ਰੱਖਦਾ
ਛੱਡ ਦਿਓ ਨਸ਼ਾ ਲੋਕੋ ਕਹਿ ਕੇ
ਖੁਦ ਨਸ਼ੇ ਦਾ ਸਵਾਦ ਵੀ ਚੱਖਦਾ,
ਤੁਰੇ ਜਾਂਦੇ ਦੀ ਲੁੱਟ ਹੋ ਜਾਏ
ਕਿਸੇ ਨੂੰ ਦੱਸੇ ਆਪਣੀ ਹੱਡ ਬੀਤੀ
ਥਾਂ ਥਾਂ ਲਾ ਕੇ ਸੀਸੀਟੀਵੀ
ਬੰਦੇ ਤੋਂ ਬੰਦੇ ਨੇ ਰਾਖੀ ਕੀਤੀ,
ਗੱਲ ਕਹਿ ਕੇ ਅਮਲ ਨਾ ਕਰਨਾ
ਰੀਤ ਹੁਣ ਆਮ ਹੋ ਗਈ
ਮਿਲਾਵਟ ਕਰਕੇ ਚੀਜ਼ ਵੇਚਣੀ
ਬੰਦੇ ਦੀ ਲੁੱਟ ਸ਼ਰੇਆਮ ਹੋ ਗਈ,
ਮੂੰਹ ਤੇ ਮੀਆਂ ਮਿੱਠੂ ਬਣਦਾ
ਪਿੱਠ ਤੇ ਕਰ ਜਾਵੇ ਵਾਰ
ਧਰਮਿੰਦਰ ਨੂੰ ਵੀ ਸਮਝ ਨਾ ਆਵੇ
ਕੈਸਾ ਹੋਇਆ ਬੰਦੇ ਦਾ ਕਿਰਦਾਰ,
ਸੱਚੇ ਦੀ ਇਸ ਦੁਨੀਆ ਅੰਦਰ
ਝੂਠੇ ਕਿਉਂ ਪ੍ਰਧਾਨ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।

**ਧਰਮਿੰਦਰ ਸਿੰਘ**
**ਮੰਨਵੀ (ਲੈਕਚਰਾਰ) , ਸ ਸ ਸ ਸ ਦੰਦਰਾਲਾ ਢੀਂਡਸਾ (ਪਟਿਆਲਾ)**

## ਰੁੱਖ

ਚਾਰੇ ਪਾਸੇ ਜਿੰਨੇ ਜ਼ਿਆਦਾ ਹੋਣਗੇ ਰੁੱਖ,
ਇਹ ਸਾਨੂੰ ਉੱਨੇ ਜ਼ਿਆਦਾ ਦੇਣਗੇ ਸੁੱਖ।
ਇਨ੍ਹਾਂ ਲਈ ਨਾ ਕੋਈ ਛੋਟਾ, ਨਾ ਕੋਈ ਵੱਡਾ ਏ,
ਇਨ੍ਹਾਂ ਦਾ ਆਕਸੀਜਨ ਭੰਡਾਰ ਸਭ ਲਈ ਖੁੱਲ੍ਹਾ ਏ।
ਜਿਹੜਾ ਪ੍ਰਦੂਸ਼ਣ ਮਨੁੱਖ ਦੇ ਕੰਮ ਫੈਲਾਂਦੇ ਨੇ,
ਉਸ ਨੂੰ ਇਹ ਆਕਸੀਜਨ ਨਾਲ ਘਟਾਂਦੇ ਨੇ।
ਇਹ ਤੇਜ਼ ਹਵਾਵਾਂ ਦੀ ਗਤੀ ਨੂੰ ਘਟਾਂਦੇ ਨੇ,
ਏਦਾਂ ਉਪਜਾਊ ਮਿੱਟੀ ਉੱਡਣ ਤੋਂ ਬਚਾਂਦੇ ਨੇ।
ਇਹ ਚਾਰੇ ਪਾਸੇ ਠੰਢੀਆਂ ਹਵਾਵਾਂ ਚਲਾਂਦੇ ਨੇ,
ਇਹ ਧਰਤੀ ਦੇ ਉੱਤੇ ਵਰਖਾ ਲਿਆਂਦੇ ਨੇ।
ਇਹ ਅਨੇਕਾਂ ਦਵਾਈਆਂ ਦਾ ਭੰਡਾਰ ਨੇ,
ਇਹ ਏਸੇ ਲਈ ਮਨੁੱਖ ਦੇ ਸੱਚੇ ਯਾਰ ਨੇ।
'ਮਾਨ' ਇਨ੍ਹਾਂ ਨੂੰ ਕੱਟਣ ਦੇ ਨਾ ਲੱਭੋ ਬਹਾਨੇ ,
ਧੁਰ ਤੱਕ ਨਿਭਾਓ ਪਾ ਕੇ ਇਨ੍ਹਾਂ ਨਾਲ ਯਰਾਨੇ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**

## ਕਾਗਜ਼ ਤੇ ਕਲਮ

ਕਾਗਜ਼ ਅਤੇ ਕਲਮ ਦੀ ਹੁੰਦੀ,
ਇੱਕੋ ਜੇਹੀ ਜ਼ਾਤ।
ਇੱਕੋ ਜਿਹੀ ਤਾਸੀਰ ਦੁਹਾਂ ਦੀ,
ਸਾਂਝੇ ਨੇ ਜਜ਼ਬਾਤ।
ਇੱਕ-ਦੂਜੇ ਤੋਂ ਬਿਨਾਂ ਕਿਸੇ ਦੀ,
ਭੋਰਾ ਨਹੀਂ ਔਕਾਤ।
ਧਰਤ, ਅਗਨ, ਵਾਯੂ ਤੇ ਪਾਣੀ,
ਸਾਂਝੀ ਹੈ ਕਾਇਨਾਤ।
ਸਾਫ਼ ਕਾਗਜ਼ ਦੀ ਹਿੱਕ ਦੇ ਉੱਤੇ,
ਕਲਮ ਕਰੇ ਬਰਸਾਤ।
ਬ੍ਰਹਮ-ਅਸਤਰ ਨੂੰ ਮਿਲ ਕੇ ਦੋਵੇਂ,
ਗਹਿਰੀ ਦਿੰਦੇ ਮਾਤ।
ਕਾਗਜ਼ ਅਤੇ ਕਲਮ ਮਿਲ ਕੇ ਹੀ,
ਕਰਨ ਸੁਖੀ ਹਾਲਾਤ।
ਮਿਲੇ ਮਾਨਤਾ ਕਾਗਜ਼ ਨੂੰ ਇਹ,
ਕਲਮ ਦੀ ਹੈ ਕਰਾਮਾਤ।

**ਪ੍ਰੋ. ਨਵ ਸੰਗੀਤ ਸਿੰਘ**
**151302 (ਬਠਿੰਡਾ)**
**9417692015**

## ਮਹਿਕਾਂ ਵੰਡਦੇ ਫ਼ੁੱਲ ਨਾ ਤੋੜੇ

ਟਾਹਣੀਆਂ ਉੱਤੇ ਫੁੱਲ ਨੇ ਲੱਗੇ,
ਕਿੰਨੇ ਸੋਹਣੇ ਲੱਗਦੇ।
ਤਿੱਤਲੀਆਂ ਅਤੇ ਭੌਰੇ ਘੁੰਮਦੇ
ਫੁੱਲਾਂ ਉੱਤੇ ਫੱਬਦੇ।
ਦਿੰਦੇ ਸਾਨੂੰ ਮਹਿਕਾਂ, ਇਹ ਮੁੱਲ
ਨਾ ਕੋਈ ਮੰਗਦੇ।
ਹੋ ਜਾਂਦੇ ਨੇ ਖੁਸ਼ , ਜਦ ਵੀ ਰਾਹੀ
ਉੱਧਰੋਂ ਲੰਘਦੇ ।
ਧਰਤੀ ਦਾ ਸੁਹੱਪਣ ਹੈ, ਸਵਰਗ
ਦਾ ਨਜ਼ਾਰਾ।
ਸਾਡੇ ਵਾਂਗੂ ਖੁਸ਼ ਰਹੋ, ਕਰਦੇ
ਇਹ ਇਸ਼ਾਰਾ।
ਕੋਈ ਗੇਂਦਾਂ, ਗੁਲਾਬ, ਚਮੇਲੀ
ਤੇ ਕੋਈ ਗੁਲਮੋਹਰ।
ਵੱਖ ਵੱਖ ਰੰਗਾਂ ਦੇ ਵਿੱਚ ਵੇਖੋ
ਕਿੰਨੇ ਲੱਗੇ ਹੋਰ ।
ਬੱਚਿਓ ! ਹੱਥ ਨਾ ਲਾਇਓ , ਨਾ ਹੀ
ਤੁਸੀਂ ਤੋੜਿਓ।
ਕਿੰਨੀਆਂ ਕੋਮਲ ਟਾਹਣੀਆਂ ਨੇ,
ਇਹ ਨਾ ਮਰੋੜਿਓ।
ਆਪ ਮਸਤੀ ਵਿੱਚ ਰਹਿੰਦੇ ਤੇ
ਸਾਨੂੰ ਇਹੀ ਸਿਖਾਉਂਦੇ।
ਜਿੱਥੇ ਵੀ ਖਿੜਨ ਇਹ ਬੱਚਿਓ,
ਰੌਣਕਾਂ ਨੇ ਲਾਉਂਦੇ।
ਜੇ ਅਸੀਂ ਹੱਥ ਲਾਵਾਂਗੇ,
ਤਾਂ ਮਹਿਕ ਨੇ ਨੱਸ ਜਾਣਾਂ।
ਮੁਰਝਾ ਜਾਣਗੇ ਫੁੱਲ ਇਹ ਬੱਚਿਓ,
ਮੁੜ ਇਹਨਾਂ ਨਾ ਆਣਾ।
ਦੂਰੋਂ ਖੜ ਕੇ ਵੇਖੀ ਜਾਇਓ ਫੁੱਲ
ਪਿਆਰੇ ਪਿਆਰੇ।
'ਪੱਤੋ' ਆਖੇ ਉਸ ਕੁਦਰਤ ਦੇ ਜਾਈਏ
ਸਦਾ ਬਲਿਹਾਰੇ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਇਮਤਿਹਾਨ ਵਿੱਚ

ਤਿਆਰੀ ਕਰਕੇ ਬੈਠ ਜਾਊਂਗਾ, ਮੈਂ ਇਮਤਿਹਾਨ ਵਿੱਚ,
ਮਿਹਨਤ ਕਰਕੇ ਪਾਸ ਹੋ ਕੇ ਵਿਖਾਊਂਗਾ, ਮੈਂ ਇਮਤਿਹਾਨ ਵਿੱਚ,
ਯਾਰਾਂ, ਮਿੱਤਰਾਂ ਨਾਲ ? ਮਜ਼ਾਕ ਤੇ ਸ਼ਰਾਰਤਾਂ ਕਰਨੀਆਂ ਛੱਡ ਕੇ,
ਮਾਂ-ਪਿਓ ਤੇ ਅਧਿਆਪਕਾਂ ਦਾ ਨਾਮ ਚਮਕਾਊਂਗਾ, ਮੈਂ ਇਮਤਿਹਾਨ ਵਿੱਚ,
ਕਮਰੇ ਵਿੱਚ ਜਾਣ ਤੋਂ ਪਹਿਲਾਂ ਰੱਬ ਨੂੰ ਯਾਦ ਕਰਕੇ,
ਮੱਥਾ ਟੇਕ ਕੇ ਕੰਨਾਂ ਨੂੰ ਹੱਥ ਲਾਊਂਗਾ, ਮੈਂ ਇਮਤਿਹਾਨ ਵਿੱਚ,
ਹਿਸਾਬ ਦੇ ਸਵਾਲ,ਲੇਖ,ਅਰਜੀਆਂ,ਪ੍ਰਸ਼ਨ, ਉੱਤਰ ਆਦਿ ਲਿਖ ਕੇ,
ਉਸ ਤੋਂ ਬਾਅਦ ਪੇਪਰ ਫੜਾਊਂਗਾ, ਮੈਂ ਇਮਤਿਹਾਨ ਵਿੱਚ,
ਪੂਰੇ ਧਿਆਨ ਨਾਲ ? ਪੜ੍ਹ ਕੇ ਅਤੇ ਸਮੇਂ ਨੂੰ ਵੇਖਦੇ ਹੋਏ,
ਇਕ ਪਲ ਵੀ ਅਜਾਈਂ ਨਹੀਂ ਲੰਘਾਊਂਗਾ, ਮੈਂ ਇਮਤਿਹਾਨ ਵਿੱਚ,
ਜੋ ਵੀ ਲਿਖਣ ਲਈ ਕਿਹਾ ਹੋਊਗਾ ਤੁਰੰਤ ਹੀ ਲਿਖੂੰਗਾ,
ਲਿਖਣ 'ਚ ਜ਼ਰਾ ਵੀ ਦੇਰ ਨਹੀਂ ਲਾਊਂਗਾ, ਮੈਂ ਇਮਤਿਹਾਨ ਵਿੱਚ,
ਜਿਹੜੇ ਮੇਰੀ ਜਮਾਤ ਵਿੱਚ ਪੜ੍ਹਦੇ ਹਨ ਮੇਰੇ ਜਮਾਤੀ ਸਾਰੇ,
ਸਭ ਨੂੰ ਪਛਾੜ ਕੇ ਮੋਹਰੀ ਅਖਵਾਊਂਗਾ, ਮੈਂ ਇਮਤਿਹਾਨ ਵਿੱਚ।

**ਦਿਲਸ਼ਾਨ, ਮੋਬਾਈਲ- 9914304172**

## ਪਿਆਰੀ ਮਾਂ ਬੋਲੀ

ਧੁਰ ਦਰਗਾਹੋਂ ਆਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਇਸ ਦੇ ਮੱਥੇ ਤਿਲਕ ਲਗਾ ਵਿਦਵਾਨਾਂ ਨੇ
ਬਾਈਬਲ, ਰਾਮਾਇਣ, ਗ੍ਰੰਥ, ਪੁਰਾਣਾਂ ਨੇ
ਯੁੱਗੋ ਯੁਗ ਵਡਿਆਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਬੱਚੇ ਦੇ ਬੋਲਾਂ ਤੋਂ ਲੈ ਕੇ ਅਰਥੀ ਤੱਕ
ਸਤਿਅਮ, ਸੁੰਦਰ, ਵਿਦਿਆ, ਭਗਤੀ, ਸ਼ਕਤੀ ਤੱਕ
ਜੀਵਨ ਦੀ ਸ਼ਹਿਨਾਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਸੂਰਜ ਵਾਂਗੂ ਨੇਰ੍ਹੇ ਵਿੱਚ ਪ੍ਰਕਾਸ਼ ਕਰੇ
ਜੰਮਦੇ ਬੱਚੇ ਦੇ ਬੋਲਾਂ ਵਿੱਚ ਆਸ ਧਰੇ
ਕਰਦੀ ਪਰਉਪਕਾਰ ਵਿਚਾਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਚੌਰਾਸੀ ਲੱਖ ਜੂਨ 'ਚ ਇਸ ਦਾ ਵਾਸਾ ਹੈ
ਬੱਚੇ ਦੀ ਕਿਲਕਾਰੀ ਵਰਗਾ ਹਾਸਾ ਹੈ
ਰੱਬ ਨੇ ਖੂਬ ਬਣਾਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਇਸ ਦੇ ਨਾਲ ਹੀ ਬੰਦੇ ਦੀ ਪਹਿਚਾਣ ਬਣੇ
ਮਾਨ ਬਣੇ ਤੇ ਆਣ ਬਣੇ ਤੇ ਸ਼ਾਨ ਬਣੇ
ਜਿਸ ਨੇ ਵੀ ਹੈ ਪਾਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਇਸ ਦੇ ਦੁੱਧ ਵਿਚ ਨੂਰ ਅਲੌਕਿਕ ਸ਼ਕਤੀ ਹੈ
ਬੰਦੇ ਦੀ ਬੱਸ ਇਸੇ ਕਰਕੇ ਹਸਤੀ ਹੈ
ਵਰ੍ਹਦੀ ਬੱਦਲੀ ਛਾਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਇਸ ਦੇ ਲੱਖਾਂ ਰਿਸ਼ਤੇ ਇੱਕ ਹੀ ਖੂਨ ਰਵੇ
ਯੁੱਗ-ਯੁਗ ਜੀਵੇ ਸ਼ਾਲਾ ਜੱਗ ਤੇ ਖੂਬ ਪਲੇ
ਮਾਮੀ, ਚਾਚੀ, ਤਾਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
'ਬਾਲਮ' ਇਸ ਦੀ ਪੂਜਾ ਜਿਸ ਨੇ ਕੀਤੀ ਹੈ
ਸੁੱਖਾਂ ਦੇ ਵਿਚ ਉਸ ਦੀ ਜ਼ਿੰਦਗੀ ਬੀਤੀ ਹੈ
ਬਰਕਤ, ਮਿਹਰ ਲਿਆਈ ਪਿਆਰੀ ਮਾਂ ਬੋਲੀ
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ

**ਬਲਵਿੰਦਰ 'ਬਾਲਮ' ਗੁਰਦਾਸਪੁਰ**
**98156-25409**

## ਪੇਪਰਾਂ ਦੀ ਤਿਆਰੀ

ਹੁਣ ਨਾ ਅਵਾਜ਼ ਮੈਨੂੰ ਮਾਰੀ
ਮੇਰੀ ਮੰਮੀ ਏ,
ਪੇਪਰਾਂ ਦੀ ਕਰਨੀ ਮੈ ਤਿਆਰੀ
ਮੇਰੀ ਮੰਮੀ ਏ।
ਹੁਣ ਨਾ ਅਵਾਜ਼...........
ਬੰਟੀ ਤੇ ਸੋਨੂ ਮੇਰੇ ਦੋਸਤ ਵੀ
ਆਉਣਗੇ,
ਸੀਨੀਅਰ ਸਾਥੋਂ ਉਹ ਸਾਨੂੰ
ਪੜ੍ਹਾਉਣਗੇ।
ਮਾਮੇ ਪਿੰਡੋਂ ਆਉਣਾ ਨਾਲੇ ਤਾਰੀ
ਮੇਰੀ ਮੰਮੀ ਏ,
ਹੁਣ ਨਾ ਅਵਾਜ਼.........
ਸਾਇੰਸ ਅਤੇ ਮੈਥ, ਅੰਗਰੇਜ਼ੀ
ਅਸੀਂ ਪੜ੍ਹਨੀ,
ਪੰਜਾਬੀ ਦੀ ਕਹਾਣੀ ਇੱਕ ਯਾਦ
ਹੈ ਕਰਨੀ।
ਮਾਰਨੀ ਆ ਉੱਚੀ ਉਡਾਰੀ ਮੇਰੀ
ਮੰਮੀ ਏ,
ਹੁਣ ਨਾ ਅਵਾਜ਼............
ਇਮਤਿਹਾਨਾਂ ਵਿੱਚ ਦਿਨ ਥੋੜੇ
ਰਹਿ ਗਏ ਨੇ,
ਆਉਣਾ ਜਾਣਾ ਕਰੋ ਬੰਦ ਟੀਚਰ
ਸਾਨੂੰ ਕਹਿ ਗਏ ਨੇ।
ਮਸਾਂ ਮਸਾਂ ਆਈ ਹੁਣ ਵਾਰੀ
ਮੇਰੀ ਮੰਮੀ ਏ।
ਹੁਣ ਨਾ ਅਵਾਜ਼............
ਮੈਂ ਬਾਹਰ ਹੁਣ ਖੇਡਣ ਨਹੀਂ
ਜਾਊਂਗਾ,
ਪੜ੍ਹਿਆ ਸਕੂਲੇ ਹੁਣ ਉਹ ਹੀ
ਪਕਾਊਂਗਾ।
ਵਿੱਦਿਆ ਵਿਚਾਰੀ ਉਪਕਾਰੀ
ਮੇਰੀ ਮੰਮੀ ਏ,
ਹੁਣ ਨਾ ਅਵਾਜ਼ ਮੈਨੂੰ ਮਾਰੀ
ਮੇਰੀ ਮੰਮੀ ਏ।
ਮੈਂ ਪੇਪਰਾਂ ਦੀ ਕਰਨੀ ਤਿਆਰੀ
ਮੇਰੀ ਮੰਮੀ ਏ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਜਦ ਮਾਂ ਹੁੰਦੀ ਸੀ

ਜੱਗ ਤੇ ਜਦ ਮਾਂ ਹੁੰਦੀ ਸੀ
ਦੁਆਵਾਂ ਦੀ ਸੰਘਣੀ ਛਾਂ ਹੁੰਦੀ ਸੀ
ਦੂਰ ਭਾਵੇਂ ਮੈਂ ਰਹਿੰਦਾ ਉਸ ਤੋਂ
ਮਾਂ ਦਿਲ ਵਿੱਚ ਥਾ ਹੁੰਦੀ ਸੀ
ਉਂਝ ਭਾਵੇਂ ਗੱਲ ਘੱਟ ਸੀ ਹੁੰਦੀ
ਜਨਮ ਦਿਨ ਤੇ ਫੋਨ ਸੀ ਆਉਂਦਾ
ਕੀ ਦੱਸਾਂ ਖੁਸ਼ੀ ਅਥਾਹ ਹੁੰਦੀ ਸੀ
ਜੱਗ ਤੇ ਜਦ ਮਾਂ ਹੁੰਦੀ ਸੀ
ਰੱਬ ਵੱਲੋਂ ਵੀ ਘਾਟ ਨਾ ਕੋਈ
ਛੱਡੀ ਮਾਂ ਨੇ ਤੋਟ ਨਾ ਕੋਈ
ਬਿਨਾ ਵਿਤਕਰੇ ਸਭ ਮਿਲਦਾ ਸੀ
ਜੱਗ ਤੇ ਜਦ ਮਾਂ ਹੁੰਦੀ ਸੀ
ਮੂਲ ਨਾਲੋਂ ਹੁੰਦਾ ਵਿਆਜ ਪਿਆਰਾ
ਮਾਂ ਸਮਝਾਇਆ, ਵਿਸ਼ਵਾਸ ਤਾ ਆਇਆ
ਪੋਤੇ ਦੇ ਕੰਮ ਨੂੰ ਹਾਂ ਹੁੰਦੀ ਸੀ
ਜੱਗ ਤੇ ਜਦ ਮਾਂ ਹੁੰਦੀ ਸੀ
ਸਦਾ ਮੂੰਹੋਂ ਨਿਕਲੇ ਬੋਲ ਪੁਗਾਏ
ਗੱਡੀ ਬਣਾਤੀ ਨਾਲੇ ਘਰ ਵੀ ਪਵਾਏ
ਧਾਲੀਵਾਲ ਦੇ ਸਦਾ ਪਿਛਾਂਹ ਹੁੰਦੀ ਸੀ
ਜੱਗ ਤੇ ਜਦ ਮਾਂ ਹੁੰਦੀ ਸੀ
ਜੱਗ ਤੇ ਜਦ ਮੇਰੀ ਮਾਂ ਹੁੰਦੀ ਸੀ
ਦੁਆਵਾਂ ਦੀ ਸੰਘਣੀ ਛਾਂ ਹੁੰਦੀ ਸੀ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਮੋ 78374 90309**

## ਪਾਰਸ ਨਾ ਹੋਇਆ ਕੋਈ

ਜੇ ਲੋਹੇ ਨੂੰ ਸੋਨਾ ਬਣਾਉਣ ਵਾਲਾ,
ਕੋਈ ਪਾਰਸ ਹੁੰਦਾ ਵਿੱਚ ਜਹਾਨ ਲੋਕੋ।
ਰਵਿਦਾਸ ਕਦੇ ਵੀ ਲੈਣੋਂ ਨਾ ਨਾਂਹ ਕਰਦਾ,
ਦਿੰਦਾ ਜੇ ਕੋਈ ਸਾਧੂ ਹੋਕੇ ਮਿਹਰਵਾਨ ਲੋਕੋ।
ਗੁਰੂ ਸਾਰੇ ਸਮਾਜ ਦੀ ਗ਼ੁਰਬਤ ਦੂਰ ਕਰਦਾ,
ਸਾਰੇ ਬਣਾ ਦੇਣੇ ਸੀ ਗ਼ਰੀਬ ਧਨਵਾਨ ਲੋਕੋ।
ਸਾਰਿਆਂ ਦਾ ਚੰਗਾ ਰਹਿਣ ਸਹਿਣ ਹੁੰਦਾ,
ਗ਼ਰੀਬ ਲੋਕ ਰਹਿੰਦੇ ਨਾਲ ਸ਼ਾਨ ਲੋਕੋ।
ਜ਼ਿੰਦਗੀ ਐਸ਼ ਦੀ ਜਿਉਂਦੇ ਲੋਕ ਸਾਰੇ,
ਕਮਜ਼ੋਰ ਲੋਕ ਹੋ ਜਾਂਦੇ ਬਲਵਾਨ ਲੋਕੋ।
ਇਹਦੇ ਵਿੱਚ ਸੀ ਕਿਹੜੀ ਗੱਲ ਮਾੜੀ ?
ਗ਼ਰੀਬ ਲੋਕਾਂ ਦਾ ਵਧਾਉਣਾ ਸਨਮਾਨ ਲੋਕੋ।
ਰਵਿਦਾਸ ਜੀ ਕਹਿੰਦੇ ਸੀ ਮਿਲੇ ਅੰਨ ਸਭਨੂੰ,
ਹੋਣ ਸਾਰੇ ਛੋਟੇ ਵੱਡੇ ਇਕ ਸਮਾਨ ਲੋਕੋ।
ਪਰ ਐਸਾ ਪਾਰਸ ਨਾ ਹੋਇਆ ਕੋਈ,
ਨਾ ਕੋਈ ਦੇਣ ਆਇਆ ਸਾਧੂ ਮਹਿਮਾਨ ਲੋਕੋ।
ਗੁਰਬਾਣੀ ਚੰਗੀ ਤਰਾਂ ਸੋਚ ਵਿਚਾਰ ਵੇਖੋ,
ਹੋ ਜਾਵੇਗਾ ਤੁਸਾਂ ਨੂੰ ਗਿਆਨ ਲੋਕੋ।
ਪਾਰਸ ਸ਼ਬਦ ਪ੍ਰਮਾਤਮਾ ਲਈ ਵਰਤਿਆ ਹੈ,
ਜਿਸ ਨਾਲ ਜੁੜਨਾ ਚਾਹੀਦਾ ਹਰ ਇਨਸਾਨ ਲੋਕੋ।
ਤਾਂ ਜੋ ਪੰਚ ਦੂਤ ਕੰਟਰੋਲ ਵਿੱਚ ਰੱਖ,
ਇਨਸਾਨ ਖੁਦ ਹੋ ਜਾਵੇ ਭਗਵਾਨ ਲੋਕੋ।

**ਮੇਜਰ ਸਿੰਘ ਬੁਢਲਾਡਾ**
**94176 42327**

## .ਗ਼ਜ਼ਲ

ਪਾਏ ਜੋ ਰਾਹੋਂ ਕੁਰਾਹੇ ਜਾਨੋਂ ਪਿਆਰੇ ਯਾਰ ਨੂੰ,
ਦੱਸੋ ਕੀ ਰਾਹ ਦੱਸੇਗਾ ਉਹ ਬਾਕੀ ਦੇ ਸੰਸਾਰ ਨੂੰ।
ਉਸ ਨੂੰ ਖ਼ੁਦ ਹੀ ਮਾਰਿਆ ਹੈ ਦਾਜ ਦੇ ਲਾਲਚੀਆਂ ਨੇ,
ਜ਼ਹਿਰ ਖਾ ਕੇ ਮਰਨ ਦੀ ਕੀ ਲੋੜ ਸੀ ਮੁਟਿਆਰ ਨੂੰ।
ਸਾਰੀਆਂ ਚੀਜ਼ਾਂ ਦੀ ਕੀਮਤ ਵਧ ਰਹੀ ਹੈ ਦਿਨ ਬ ਦਿਨ,
ਖਾਲੀ ਹੱਥੀਂ ਕਾਮੇ ਕੀ ਲੈਣਾ ਜਾ ਕੇ ਬਾਜ਼ਾਰ ਨੂੰ।
ਹੁੰਦਾ ਹੈ ਕਾਬਲ ਲੋਕਾਂ ਦੇ ਪਿਆਰ ਦਾ ਉਹ ਡਾਕਟਰ,
ਜੋ ਸਦਾ ਵਧੀਆ ਦਵਾ ਦਿੰਦਾ ਹੈ ਹਰ ਬੀਮਾਰ ਨੂੰ।
ਜਿਸ ਦੇ ਵਿੱਚ ਸੱਚ, ਝੂਠ ਦਾ ਕੀਤਾ ਨਿਤਾਰਾ ਹੁੰਦਾ ਹੈ,
ਲੋਕ ਪੜ੍ਹਦੇ ਨੇ ਬੜੇ ਚਾਅ ਨਾਲ ਉਸ ਅਖਬਾਰ ਨੂੰ।
ਤਾਂ ਕਿ ਮੇਰੇ ਕੋਲ ਨਾ ਫਿਕਰਾਂ ਦਾ ਰਾਖਸ਼ ਆ ਸਕੇ,
ਮੈਂ ਹਮੇਸ਼ਾ ਕੋਲ ਰੱਖਾਂ ਆਸ਼ਾ ਦੀ ਤਲਵਾਰ ਨੂੰ।
ਕੁਝ ਪਲਾਂ ਦੇ ਵਿੱਚ ਤੂੰ ਇਸ ਦੇ ਨਾਲ ਖੁਦ ਸੜ ਜਾਣਾ ਹੈ,
ਦਿਲ ਦੇ ਵਿੱਚੋਂ ਕੱਢ ਦੇ ਯਾਰਾ, ਘਿਰਣਾ ਦੇ ਅੰਗਾਰ ਨੂੰ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਵਿਦਿਆ ਦਾ ਧਨ

ਹੋਵੇ ਜਿਸ ਕੋਲ ਵਿਦਿਆ ਦਾ ਧਨ,
ਉਸ ਦਾ ਯਾਰੋ, ਕਦੇ ਨਾ ਭਟਕੇ ਮਨ।
ਵੰਡਦਾ ਜਾਵੇ ਉਹ ਇਸ ਨੂੰ ਜਿਵੇਂ, ਜਿਵੇਂ,
ਇਹ ਵਧਦਾ ਜਾਵੇ ਯਾਰੋ, ਤਿਵੇਂ, ਤਿਵੇਂ।
ਇਸ ਧਨ ਵਾਲਾ ਕਦੇ ਨਾ ਧੋਖਾ ਖਾਵੇ,
ਉਸ ਨੂੰ ਵੇਖ ਹਰ ਕੋਈ ਸੀਸ ਝੁਕਾਵੇ।
ਇਸ ਧਨ ਵਾਲਾ ਹਰ ਦੁੱਖ ਹੱਸ ਕੇ ਸਹੇ,
ਨਿਰਾਸ਼ਾ ਦੀ ਨਦੀ 'ਚ ਉਹ ਕਦੇ ਨਾ ਵਹੇ।
ਇਸ ਧਨ ਵਾਲਾ ਕਦੇ ਨਾ ਭੁੱਖਾ ਮਰੇ,
ਉਹ ਸੁੱਕੇ ਬਾਗਾਂ ਨੂੰ ਵੀ ਹਰੇ ਕਰੇ।
ਇਸ ਧਨ ਵਾਲਾ ਸੱਚੇ ਦਾ ਮਿੱਤਰ,
ਉਹ ਝੂਠੇ ਨੂੰ ਝੱਟ ਛੱਡ ਹੋਵੇ ਤਿੱਤਰ।
ਇਸ ਧਨ ਵਾਲਾ ਕਦੇ ਨਾ ਹਿੰਮਤ ਹਾਰੇ,
ਉਹ ਆਪ ਤਰੇ, ਹੋਰਾਂ ਨੂੰ ਵੀ ਤਾਰੇ।
ਪਰ ਇਹ ਧਨ 'ਮਾਨਾ' ਮਿਲਦਾ ਉਸ ਨੂੰ,
ਇਸ ਨੂੰ ਪਾਣ ਦੀ ਲੱਗ ਜਾਵੇ ਚੇਟਕ ਜਿਸ ਨੂੰ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**

## ਠਾਹ ਠਾਹ

ਕਦੋਂ ਕੁ ਹੋਵੇਂਗੀ ਬੰਦ ਠਾਹ ਠਾਹ ਮੀਆਂ
ਕਦੋ ਲੋਕ ਲੈਣਗੇ ਸੁਖ ਦਾ ਸਾਹ ਮੀਆਂ
ਕਾਰੋਬਾਰ ਸਾਰੇ ਹੋ ਚਲੇ ਸਵਾਹ ਮੀਆਂ
ਕੋਈ ਦਿਸਦਾ ਨਹੀਂ ਭੱਜਣ ਨੂੰ ਰਾਹ ਮੀਆਂ
ਪਤਾ ਨਹੀਂ ਰੱਬ ਕਦੋ ਕਰੇਗਾ ਖੈਰ ਮੀਆਂ
ਸਾਡਾ ਕਿਸੇ ਨਾਲ ਨਹੀਂ ਕੋਈ ਵੈਰ ਮੀਆਂ
ਖੁਲੇ ਡੁਲ੍ਹੇ ਹੋ ਕੇ ਕਿਵੇਂ ਕਰੀਏ ਸੈਰ ਮੀਆਂ
ਜੀਅ ਡਰਦਾ ਅਗੇ ਪੁੱਟਣ ਨੂੰ ਪੈਰ ਮੀਆਂ
ਚਿੰਤਾ ਚੰਦਰੀ ਵੱਢ ਵੱਢ ਕੇ ਪਈ ਖਾਵੇ ਮੀਆਂ
ਇਸ ਗੱਲ ਦੀ ਕੋਈ ਸਮਝ ਨਾ ਆਵੇ ਮੀਆਂ
ਕੋਈ ਜਾਵੇ ਤੇ ਦਸੋ ਕਿੱਧਰ ਨੂੰ ਜਾਵੇ ਮੀਆਂ
ਦਿਨ ਰਾਤ ਇਹੋ ਚਿੰਤਾ ਪਈ ਸਤਾਵੇਂ ਮੀਆਂ
ਚੰਗਾ ਭਲਾ ਹੱਸਦਾ ਖੇਡਦਾ ਸੀ ਪੰਜਾਬ ਮੀਆਂ
ਹੁੰਦਾ ਸੀ ਜਿਵੇਂ ਖਿੜਿਆ ਫੁੱਲ ਗੁਲਾਬ ਮੀਆਂ
ਕਿਹੜਾ ਸੋਹਣੇ ਚੰਨ ਨੂੰ ਲਾ ਗਿਆ ਦਾਗ਼ ਮੀਆਂ
ਸੋਨੇ ਦੀ ਚਿੜੀ ਵਾਲਾ ਖੁਸ ਗਿਆ ਖਿਤਾਬ ਮੀਆਂ
ਖ਼ੂਨ ਨਾਲ ਨਾ ਹੋਵੇ ਧਰਤੀ ਲਾਲੋ ਲਾਲ ਮੀਆਂ
ਪਹਿਲਾਂ ਹੀ ਹੋਏ ਪਏ ਹਾਂ ਹਾਲੋ ਬੇਹਾਲ ਮੀਆਂ
ਜਸਵਿੰਦਰ ਬਾਰੇ ਤੇਰੇ ਕੀ ਨੇ ਖਿਆਲ ਮੀਆਂ
ਚੰਗੇ ਸਮੇ ਦੀ ਪਏ ਕਰਦੇ ਆਂ ਅੱਜ ਭਾਲ ਮੀਆਂ
ਕਰੇ ਕਿਰਪਾ ਸਤਿਗੁਰੂ ਸੱਚੇ ਪਾਤਸ਼ਾਹ ਮੀਆਂ
ਬਖਸ਼ੀ ਸੁਮੱਤ ਜਿਹੜੇ ਪਏ ਨੇ ਪੁੱਠੇ ਰਾਹ ਮੀਆਂ
ਬੱਸ ਬੰਦ ਹੋ ਜਾਵੇ ਨਿੱਤ ਦੀ ਠਾਹ ਠਾਹ ਮੀਆਂ
ਫਿਰ ਹੋ ਜਾਵੇ ਮੇਰੇ ਪੰਜਾਬ ਦੀ ਵਾਹ ਵਾਹ ਮੀਆਂ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
**7589155501**

## .ਗ਼ਜ਼ਲ

ਡਾਕਟਰਾਂ ਤੇ ਵੈਦਾਂ ਤੋਂ ਠੀਕ ਨਾ ਹੋ ਸਕਿਆ ਜਿਹੜਾ ਰੋਗੀ, ਉਸ ਨੂੰ ਕਿੱਦਾਂ ਠੀਕ ਕਰੇਗਾ ਦਰ ਦਰ ਫਿਰਨੇ ਵਾਲਾ ਜੋਗੀ।
ਉਸ ਬੁੱਢੇ ਦੇ ਨਾਂ ਤੇ ਖ਼ੂਬ ਪਕੌੜੇ ਤੇ ਮਠਿਆਈ ਚੱਲੀ , ਜਿਸ ਨੇ ਭੁੱਖਾ ਤੇ ਪਿਆਸਾ ਰਹਿ ਕੇ ਆਪਣੀ ਆਯੂ ਸੀ ਭੋਗੀ।
ਕੋਠੀ 'ਚ ਰਹੇ ਸ਼ਾਨੋ ਸ਼ੌਕਤ ਨਾ ਸਾਡੇ ਪਿੰਡ 'ਚ ਇਕ ਜੋਗੀ,
ਦਿਲ 'ਚ ਕਈ ਵਾਰ ਸਵਾਲ ਇਹ ਆਵੇ, ਉਹ ਜੋਗੀ ਹੈ ਜਾਂ ਭੋਗੀ।
ਇਹ ਦਾਜ ਦੀ ਲਾਹਨਤ ਹੋਰ ਪਤਾ ਨ੍ਹੀ ਕੀ ਕੀ ਰੰਗ ਦਿਖਾਏਗੀ,
ਇਸ ਹੱਥੋਂ ਤੰਗ ਹੋ ਕੇ ਮਰ ਗਈ ਕਿਧਰੇ ਗੀਤਾ, ਕਿਧਰੇ ਗੋਗੀ।
ਉਹ ਹਾਲੇ ਵੀ ਬੱਸਾਂ ਵਿੱਚ ਅੱਖਾਂ ਦਾ ਸੁਰਮਾ ਵੇਚੀ ਜਾਵੇ, ਜੋ ਹੁਣ ਤੱਕ ਬਣਾ ਚੁੱਕਾ ਹੈ ਕਈਆਂ ਨੂੰ ਅੱਖਾਂ ਦੇ ਰੋਗੀ।
ਘਿਉ, ਆਟਾ, ਦਾਲਾਂ ਤੇ ਖੰਡ ਦੇ ਭਾਅ ਵਧਦੇ ਜਾਂਦੇ ਤੇਜ਼ੀ ਨਾ',
ਅੱਜ ਕੱਲ੍ਹ ਭੁੱਖੇ ਰਹਿਣਾ ਸਿੱਧ ਹੋ ਸਕਦੈ ਹੱਦੋਂ ਵੱਧ ਉਪਯੋਗੀ।

**ਮਹਿੰਦਰ ਸਿੰਘ ਮਾਨ ਫੋਨ 9915803554**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 342 | Website: www.preetnama.com Email preetnamausa@gmail.com | 20 FEB TO 26 FEB, 2026


